5-12-93

ੴ

NO.

DATE

ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਸਹਾਇ

# ਸਰਬਤ ਦੇ ਭਲੇ ਦਾ ਸੰਦੇਸ਼ ਦੇਣ ਵਾਲੇ
# ਸ੍ਰੀ ਸਤਿਗੁਰੂ ਨਾਨਕ ਦੇਵ ਜੀ
# ਦੇ ਅਵਤਾਰ ਪੁਰਬ ਦੀ
# ਸਭ ਨੂੰ ਵਧਾਈ ਹੋਵੇ

# ਹਾਜ਼ਰ ਹਜ਼ੂਰ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
# ਦੇ ਸ਼ੁਭ ਆਗਮਨ ਦੀ ਸਭ ਨੂੰ
# ਵਧਾਈ ਹੋਵੇ

Santokh Singh Namdhari

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

DATE

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ

Congratulations to all on the auspicious occasion of the Holy Birth Anniversary of the True well-wisher of everybeing

SRI SATGURU NANAK DEV JI

Congratulations to all on the Holy Birthday of The present guru

His Holiness

SRI SATGURU JAGJIT SINGH JI

ੴ

ਸ੍ਰੀ ਸਤਿਗੁਰੂ ਰਾਮਸਿੰਘਜੀ ਸਹਾਇ

# สุข สันติ

# วัน ประสูติ

# พระศาสดา

# ศิริ สัตย์ คุรุ นานัก เดว ยี มหาราช

# สุข สันติ

# วัน ประสูติ

# พระศาสดา

# ศิริ สัตย์ คุรุ ยักยีต ซิงห์ยี มหาราช

# องค์ ปัจจุบัน

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਾਨਕਿ ਰਾਜੁ ਚਲਾਇਆ

## ਸਚੁ ਕੋਟੁ ਸਤਾਣੀ ਨੀਵ ਦੈ

ਹਰਿ
ਜੁਗਹ
ਗੋਜੁਗ
ਜੁਗਹ
ਜੁਗੋ
ਸਦ
ਪੀੜੀ
ਗੁਰੂ
ਲੰਦੀ




ਸ੍ਰੀ ਸਤਿਗੁਰੂ ਹਰੀ ਸਿੰਘ ਜੀ | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ | ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸਾਰਾ
ਕਲਿਜੁਗ
ਭੋਗਸੀ
ਨਾਨਕ
ਧਰ
ਅਵਤਾਰ

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮਸਿੰਘ ਜੀ ਸਹਾਇ

His
Holiness
i Satguru
jit Singh
Jee



ਹਾਜ਼ਰਾ ਹਜ਼ੂਰ
ਸ੍ਰੀ ਸਤਿਗੁਰੂ
ਜਗਜੀਤ ਸਿੰਘ
ਜੀ
ਮਹਾਰਾਜ

ਤੂੰ ਸਮਰੱਥ, ਅਕੱਥ, ਅਗੋਚਰ ਤੂੰ ਨਿਰਅੰਜਨ ਪਿਆਰੇ।
ਸਾਡੇ ਲਈ ਸ-ਗੁਣ ਹੋ ਆਇਓਂ, ਦੇਵਨ ਨੂਰ ਨਜ਼ਾਰੇ।
ਦੁਖ ਸੁਖ ਸਾਡੇ ਵਾਂਗ ਭੁਗਤਦਾ, ਆਪ ਕੰਵਲ ਸਮ ਰਹਿਨੈਂ।
ਸ਼ਾਲਾ! ਆਪਣੀ ਨਜ਼ਰੀ ਰਖੀਂ, ਇਹ ਅਨੰਦ ਸੁਖ ਸਾਰੇ।

(ਸੰਤ ਪ੍ਰੀਤਮ ਸਿੰਘ ਜੀ ਕਵੀ)

Sri Satguru Jagjit Singh Ji Elibrary NamdhariElibrary@gmail.com

ੴ

NO. 2
DATE

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਿਮ੍ਰਿਤਿ ਸਾਸਤ ਬੇਦ ਵਖਾਣੈ ॥

ਭਰਮੇ ਭੂਲਾ ਤਤੁ ਨ ਜਾਣੈ ॥

ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥

ਤਥਾ

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ।

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ।

ਤਥਾ

ਵੇਦ ਗ੍ਰੰਥ ਗੁਰ ਹਟਿ ਹੈ ਜਿਤੁ ਲਗਿ ਭਵਜਲ ਪਾਰ ਉਤਾਰਾ ।

ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਗੁਰ ਅਵਤਾਰਾ ।

ਵੇਦ, ਸ਼ਾਸਤ੍ਰ, ਸਿਮ੍ਰਿਤਿ ਆਦਿ ਧਾਰਮਕ ਗ੍ਰੰਥਾਂ ਦੇ ਪੜ੍ਹਨ ਨਾਲ ਪੁੰਨ ਪਾਪ ਦੀ ਵਿਚਾਰ ਹੁੰਦੀ ਹੈ ਅਤੇ ਇਹ ਸਿਖਿਆ ਮਿਲਦੀ ਹੈ ਕਿ ਆਤਮਕ ਗਿਆਨ (Spiritual Light) ਦੀ ਪ੍ਰਾਪਤੀ ਲਈ ਜ਼ਰੂਰ ਕਿਸੇ ਦੇਹਧਾਰੀ ਗੁਰੂ ਕੋਲੋਂ ਉਪਦੇਸ਼ ਅਥਵਾ ਗੁਰਮੰਤ੍ਰ ਲਇਆ ਜਾਏ ਕਿਉਂ ਜੋ

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ।

ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ।

ਇਸੇ ਵਾਸਤੇ ਤਾਂ ਗੁਰੂ ਜੀ ਲਿਖਦੇ ਹਨ :-

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ

ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ।

ਕਿਉਂ ਜੋ

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ

(ਭਾਵੇਂ) ਲਖ ਕੋਟੀ ਕਰਮ ਕਮਾਇ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਜਸਵਿੰਦਰ ਸਿੰਘ ਜੀ ਲਿਖਦੇ ਹਨ

ਸਤਿਗੁਰ, ਜੋਤ ਹੈ ਅਕਾਲ ਪੁਰਖ ਦੀ,
ਜੁਗਤ ਦਸਦਾ ਹੈ ।
ਤਾਂ ਹੀ ਭਰਮ ਨੱਸਦਾ ਹੈ ।
ਮਹਾਂ ਬਲੀ ਕੂੜ ਅਤੇ ਪਾਪ ਦੀ
ਧੁੰਧ ਨੂੰ ਮੇਟਣ ਲਈ,
"ਸਤਿਗੁਰੂ ਜੋਤ" ਜਰੂਰੀ ਹੈ ।
ਕਿਉਂ ਜੋ, ਸਤਿਗੁਰੂ ਮਨੁਖ ਨੂੰ
"ਚਿਕੜ" ਵਿਚੋਂ ਕੱਢਦਾ ਹੈ ।
ਮਨੁਖ ਫੇਰ ਤਿਲਕਦਾ ਹੈ ਤੇ
ਮੁੜ ਉਸੇ ਚਿਕੜ ਵਿਚ ਜਾ ਡਿਗਦਾ ਹੈ ।
ਤਾਂ ਹੀ ਸਭ ਕਹਿੰਦੇ ਹਨ
ਗੁਰੂ ਲੱਭੋ,
ਗੁਰੂ ਬਿਨਾਂ ਰਾਹ ਕੋਈ ਸੁਝਦਾ ਨਹੀਂ ।

ਲਿਖਣ ਦਾ ਭਾਵ ਹੈ ਕਿ ਗੁਰੂ ਬਿਨਾ ਗਿਆਨ ਨਹੀਂ ਹੁੰਦਾ

**ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥**

ਪਰ ਇਹ ਧਿਆਨ ਰੱਖਣਾ ਜਰੂਰੀ ਹੈ ਕਿ **ਅੰਧੇ ਗੁਰੂ ਤੇ ਭਰਮੁ ਨ ਜਾਈ**

ਅਤੇ **ਗੁਰੂ ਸਦਾਏ ਅਗਿਆਨੀ ਅੰਧਾ**

**ਕਿਸੁ ਓਹੁ ਮਾਰਗਿ ਪਾਏ ॥**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਗਣਿਤ ਕਉਤਕ ਕਰ ਕੇ ਬਾਦਸ਼ਾਹਾਂ, ਰਾਜਿਆਂ ਅਤੇ ਹਾਕਮਾਂ ਨੂੰ ਜ਼ੁਲਮ ਕਰਨ ਤੋਂ ਹਟਾ ਕੇ ਲੋਕ ਸੇਵਾ ਵਲ ਲਾਇਆ । ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸੱਚੇ ਹਿੰਦੂ ਅਤੇ ਸੱਚੇ ਮੁਸਲਮਾਨ ਬਣਨ ਦੀ ਸਿੱਖਿਆ ਦਿੱਤੀ । ਵੱਡੇ ਵੱਡੇ ਪੰਡਿਤਾਂ, ਪਾਂਧਿਆਂ, ਪੀਰਾਂ ਫਕੀਰਾਂ ਨੂੰ ਪਾਖੰਡਾਂ ਭਰਮਾਂ ਅਤੇ ਵਹਿਮਾਂ ਦੇ ਤਿਆਗਣ ਦਾ ਉਪਦੇਸ਼ ਦਿੱਤਾ । ਰਿੱਧੀਆਂ, ਸਿੱਧੀਆਂ ਦੇ ਮਾਲਕ ਜੋਗੀਆਂ ਅਤੇ ਸਿੱਧਾਂ ਦਾ ਮਾਨ ਤੋੜ ਕੇ ਉਨ੍ਹਾਂ ਨੂੰ "**ਰਿਧਿ ਸਿਧਿ ਅਵਰਾ ਸਾਦ**" ਦੱਸ ਕੇ ਮਾਨ ਮਾਇਆ ਦੇ ਤਿਆਗਣ ਦਾ ਉਪਦੇਸ਼ ਦਿੱਤਾ । ਕਾਜ਼ੀਆਂ, ਮੁਲਾਂ ਅਤੇ ਪੀਰਾਂ ਨੂੰ ਜਿਹੜੇ ਜੰਤ੍ਰਾਂ, ਮੰਤ੍ਰਾਂ ਅਤੇ ਤਵੀਤਾਂ ਰਾਹੀਂ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ,

ਸਿੱਧੇ ਰਾਹ ਪਾਇਆ । ਔਰਤਾਂ ਦੀ ਨਿੰਦਿਆ ਕਰਨ ਵਾਲੇ ਜੋਗੀਆਂ ਨੂੰ

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ**

ਦਸ ਕੇ ਆਖਿਆ ਕਿ ਸਮਾਜ ਵਿਚ ਔਰਤ ਦੀ ਲੋੜ ਉਨੀ ਹੀ ਹੈ ਜਿੰਨੀ ਕਿ ਮਰਦ ਦੀ ।
ਆਪ ਜੀ ਨੇ ਕਿਸੇ ਧਰਮ ਦੀ ਨਿੰਦਿਆ ਨਹੀਂ ਕੀਤੀ । ਆਪ ਜੀ ਦਾ ਸਿਧਾਂਤ ਹੈ ਕਿ ਇਨਸਾਨ ਸਭ ਇਕੋ ਜਹੇ ਹਨ ਜਿਹੜਾ ਸ਼ੁਭ ਕੰਮ ਕਰਦਾ ਹੈ ਉਹ ਵਡਾ ਹੈ ਨਹੀਂ ਤਾਂ

**ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ**

ਆਪ ਜੀ ਦਾ ਸਾਂਝਾ ਉਪਦੇਸ਼ ਇਹ ਹੈ

**ਗੁਰ ਕੀ ਮਤਿ ਤੂੰ ਲੇਹਿ ਇਆਨੇ ।**
**ਭਗਤਿ ਬਿਨਾ ਬਹੁ ਡੂਬੇ ਸਿਆਨੇ ॥**

ਜਿਹੜੇ ਆਪਣੇ ਆਪ ਨੂੰ ਸਘੜ ਸਿਆਣੇ ਸਮਝਦੇ ਹਨ ਗੁਰੂ ਦੀ ਲੋੜ ਨਹੀਂ ਸਮਝਦੇ ਉਨ੍ਹਾਂ ਨੂੰ ਸਮਝਾਉਣ ਵਾਸਤੇ ਲਿਖਦੇ ਹਨ

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ।**
**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ।**
**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ**
**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ**

ਭਾਵ ਇਹ ਹੈ ਕਿ ਜਦੋਂ ਅਸੀਂ ਆਪਣੇ ਮਨ ਵਿਚ ਆਪਣੇ ਆਪ ਨੂੰ ਚਤੁਰ ਸਮਝਦੇ ਹਾਂ ਅਤੇ ਕਿਸੇ ਗੁਰੂ ਪੀਰ ਦੀ ਰਾਹਬਰੀ ਦੀ ਲੋੜ ਨਹੀਂ ਸਮਝਦੇ ਤਾਂ ਫਿਰ ਅਸੀਂ ਉਸੇ ਤਰ੍ਹਾਂ ਹਾਂ ਜਿਵੇਂ ਕਿਸੇ ਪੈਲੀ ਵਿਚ ਅੰਦਰੋਂ ਸੜੇ ਹੋਏ ਤਿਲ ਪਏ ਹੁੰਦੇ ਹਨ । ਉਹ ਤਿਲ ਫਲਦੇ ਫੁਲਦੇ ਤਾਂ ਜਰੂਰ ਹਨ ਪਰ ਉਨ੍ਹਾਂ ਦੇ ਤਨ ਵਿਚ ਕੋਈ ਤਿਲ ਨਹੀਂ ਹੁੰਦੇ, ਉਥੇ ਸਿਰਫ ਸੁਆਹ ਹੀ ਹੁੰਦੀ ਹੈ

Sri Satguru Jagjit Singh Ji Elibrary NamdhariElibrary@gmail.com

ਕਲਿਜੁਗ ਦੇ ਅਵਤਾਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਦੇਹਧਾਰੀ ਗੁਰੂ ਦੀ ਹਮੇਸ਼ਾ ਲੋੜ ਨੂੰ ਮੁਖ ਰਖਕੇ "**ਨਾਨਕ ਰਾਜ**" ਚਲਾਇਆ।

## ਨਾਨਕਿ ਰਾਜੁ ਚਲਾਇਆ

ਪਰ ਕਿਹੋ ਜਿਹਾ

## ਸਚੁ ਕੋਟ ਸਤਾਣੀ ਨੀਵ ਦੈ

ਭਾਵ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਪੱਕੀ ਨੀਂਹ ਰਖ ਕੇ ਕਿਲਾ ਉਸਾਰਿਆ ਅਤੇ ਇਕ ਸੱਚਾ ਰਾਜ ਚਲਾਇਆ। ਉਹ ਚਾਹੁੰਦੇ ਤਾਂ ਉਸੇ ਸਰੀਰ ਨਾਲ ਹੀ ਸਾਰਾ ਕਲਿਜੁਗ ਭੁਗਤਾ ਦਿੰਦੇ ਪਰ ਮਰਯਾਦਾ ਪਰਸ਼ੋਤਮ ਸਤਿਗੁਰੂ ਜੀ, ਦੁਨਿਆਵੀ ਮਰਯਾਦਾ ਨੂੰ ਮੁਖ ਰਖਦਿਆਂ ਹੋਇਆਂ ਸਰੀਰ ਬਦਲ ਬਦਲ ਕੇ ਹੀ ਇਸ ਤਖਤ ਤੇ ਸੁਭਾਏਮਾਨ ਹੁੰਦੇ ਰਹੇ। ਇਸ ਤਖਤ ਤੇ ਬੈਠੇ ਹੋਏ ਸਰੀਰ ਵਿਚ ਜੋਤ ਵੀ ਗੁਰੂ ਨਾਨਕ ਵਾਲੀ ਹੁੰਦੀ ਹੈ ਅਤੇ ਜੁਗਤਿ ਮਰਯਾਦਾ ਵੀ ਗੁਰੂ ਨਾਨਕ ਦੇਵ ਜੀ ਵਾਲੀ ਹੁੰਦੀ ਹੈ

## ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ

ਇਸ ਤਖਤ ਤੇ ਬਹਿਣ ਵਾਲੇ ਸਰੀਰ ਦੀ ਪਹਿਲਾਂ ਪਰਖ ਲਈ ਜਾਂਦੀ ਹੈ ਅਤੇ ਪਰਖ ਵਿਚੋਂ ਪੂਰਾ ਉਤਰਨ ਵਾਲਾ ਸਰੀਰ ਹੀ ਇਸ ਤਖਤ ਤੇ ਸੁਭਾਏਮਾਨ ਹੁੰਦਾ ਹੈ। ਪਰਖ ਵੇਲੇ ਕਿਸੇ ਦਾ ਲਿਹਾਜ ਨਹੀਂ ਕੀਤਾ ਜਾਂਦਾ। ਉਥੇ ਨਾ ਰਿਸ਼ਵਤ ਚਲਦੀ ਹੈ ਅਤੇ ਨਾ ਹੀ ਕੋਈ ਸਫਾਰਸ਼, ਕਿਸੇ ਰਿਸ਼ਤੇਦਾਰੀ ਦੀ ਪਰਵਾਹ ਨਹੀਂ ਕੀਤੀ ਜਾਂਦੀ ਭਾਵੇਂ ਪੁਤਰ ਹੋਵੇ ਭਾਵੇਂ ਜਵਾਈ ਹੋਵੇ

## ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ

ਸ੍ਰੀ ਸਤਿਗੁਰੂ ਨਾਨਕ ਜੀ ਨੇ ਅਪਣੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵਿਚ ਰਖਣ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ ਜੀ) ਦੀਆਂ ਕਈ ਗੁਪਤ ਪਰਗਟ ਪ੍ਰੀਖਿਆਵਾਂ ਲਈਆਂ ਸਨ। ਹਰ ਵਾਰ ਉਨ੍ਹਾਂ ਦੀ ਕਿਰਪਾ ਨਾਲ ਭਾਈ ਲਹਿਣਾ ਜੀ ਪੂਰੇ ਉਤਰਦੇ ਰਹੇ

ਮੁਨਾਸਬ ਸਮਾ ਵਿਚਾਰ ਕੇ ਸਤਿਗੁਰੂ ਨਾਨਕ ਦੇਵ ਜੀ ਇਕ ਦਿਨ ਭਰੇ ਦੀਵਾਨ ਵਿਚ ਅਪਣੇ ਆਸਣ ਤੋਂ ਉਠ ਕੇ ਇਕ ਪਾਸੇ ਹੋ ਗਏ ਅਤੇ ਭਾਈ ਲਹਿਣੇ ਜੀ ਨੂੰ ਅਪਣੇ ਆਸਣ ਤੇ ਬੈਠਾ ਦਿੱਤਾ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਬੁਢੇ ਜੀ ਨੇ ਭਾਈ ਲਹਿਣਾ ਨੂੰ ਗੁਰਿਆਈ ਦਾ ਟਿੱਕਾ ਲਾ ਦਿੱਤਾ। ਫਿਰ ਗੁਰੂ ਨਾਨਕ ਦੇਵ ਜੀ ਨੇ ਇਕ ਥਾਲ ਵਿਚ ਪੰਜ ਪੈਸੇ ਅਤੇ ਇਕ ਨਰੇਲ ਰਖ ਕੇ ਭਾਈ ਲਹਿਣਾ ਜੀ ਨੂੰ ਪਹਿਲਾਂ ਆਪ ਮਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੂੰ ਮਥਾ ਟੇਕਣ ਦਾ ਹੁਕਮ ਦਿੱਤਾ।

ਸ੍ਰੀ ਗ੍ਰੰਥ ਸਾਹਿਬ ਜੀ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ।-

ਲਹਣੇ ਧਰਿਓਨੁ ਛਤ੍ਰੁ ਸਿਰਿ, ਅਸਮਾਨਿ ਕਿਆੜਾ ਛਿਕਿਓਨੁ।
ਜੋਤਿ ਸਮਾਣੀ ਜੋਤਿ ਮਾਹਿ, ਆਪੁ ਆਪੈ ਸੇਤੀ ਮਿਕਿਓਨੁ।

ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬੇ ਲਹਣੇ ਜੀ ਦੇ ਸਿਰ ਉਤੇ ਗੁਰਿਆਈ ਦਾ ਛਤਰ ਧਰ ਕੇ ਉਨ੍ਹਾਂ ਦੀ ਸ਼ੋਭਾ ਅਸਮਾਨ ਤਕ ਅਪੜਾ ਦਿੱਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜੋਤ ਵਿਚ ਸਮਾ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਅੰਗਦ ਦੇਵ ਜੀ ਨੂੰ ਅਪਣੇ ਜੇਹਾ ਹੀ ਕਰ ਲਿਆ ਅਤੇ ਬਚਨ ਕੀਤਾ :–

"ਪੁਰਖਾ ! ਤੁਝੇ ਮੰਨੇਗਾ, ਸੋ ਮੁਝੇ ਮੰਨੇਗਾ...ਤੂੰ ਮੈਂ, ਮੈਂ ਤੂੰ,
ਤੁਮ ਹਮ ਕਉ ਭਿੰਨ ਜਾਨੇਗਾ ਸੋ ਗੁਰੂ ਤੇ ਬਿਛੜਿਆ ਰਹੇਗਾ"




ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇ ਰਹੇ ਹਨ

Sri Satguru Jagjit Singh Ji Elibrary NamdhariElibrary@gmail.com

ਇਸੇ ਮਰਯਾਦਾ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ) ਅਮਰ ਦਾਸ ਜੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਜਿਥੇ (ਗੁਰੂ) ਅਮਰਦਾਸ ਜੀ ਨੂੰ ਨਮਾਣਿਆ ਦਾ ਮਾਨ, ਨਿਤਾਣਿਆ ਦਾ ਤਾਣ, ਨਿਥਾਵਿਆਂ ਦੀ ਥਾਂਵ, ਨਿਓਟਿਆਂ ਦੀ ਓਟ, ਨਧਾਰਿਆਂ ਦੀ ਧਰ, ਨਿਆਸਰਿਆਂ ਦਾ ਆਸਰਾ, ਹੋਣ ਦਾ ਬਚਨ ਕੀਤਾ ਉਥੇ ਨਾਲ ਹੀ ਅਪਣਾ ਉੱਤਰਾਧਿਕਾਰੀ ਬਣਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਰਾਜ ਦੇ ਤਖਤ ਤੇ ਬੈਠਾ ਦਿੱਤਾ

ਅਮਰ ਦਾਸ ਜੀ ਕੇ ਤਈਂ ਸਭ ਬਿਧਿ ਲਾਇਕ ਹੇਰ ।  | ਗਿਆਨੀ
ਗੁਰ ਗਾਦੀ ਅਰਪਨ ਕਰੀ ਮ੍ਰਯਾਦਾ ਧਰ ਫੇਰ ।  | ਗਿਆਨ ਸਿੰਘ

## ਸੋ ਟਿਕਾ ਸੋ ਬੈਹਣ ਸੋਈ ਦੀਬਾਣੁ ।
## ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ।

ਇਸੇ ਮਰਯਾਦਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਤਖਤ ਉਤੇ ਗੁਰੂ ਬੈਠਦੇ ਆਏ

## ਇਹ ਅਮਰ ਜੋਤ ਹੈ,
## ਸਦਾ ਚਲਦੀ ਹੈ, ਨਾਨਕ ਤੋਂ ਅੰਗਦ ਵਾਂਗ,
## ਜੋਤ ਬਦਲਦੀ ਹੈ, ਜੋਤ ਬੁਝਦੀ ਨਹੀਂ;

ਕਿਸੇ ਦੇਵੀ ਜਾਂ ਦੇਵਤੇ ਦੀ ਮੂਰਤੀ ਭਾਵੇਂ ਹੀਰੇ ਮਣੀਆਂ ਨਾਲ ਵੀ ਜੜੀ ਹੋਈ ਹੋਵੇ, ਕੋਈ ਤੀਰਥ ਭਾਵੇਂ ਹਰਿਦਵਾਰ, ਜਗਨ ਨਾਥ ਪੁਰੀ ਵੀ ਹੋਵੇ, ਕੋਈ ਨਦੀ ਭਾਵੇਂ ਗੰਗਾ ਜੈਸੀ ਪਵਿੱਤ੍ਰ ਵੀ ਕਿਉਂ ਨ ਹੋਵੇ, ਕੋਈ ਮੜੀ ਕਬਰ ਭਾਵੇਂ ਕਿਸੇ ਵਡੇ ਮਹਾਪੁਰਖ ਦੀ ਵੀ ਕਿਉਂ ਨ ਹੋਵੇ, ਕੋਈ ਮੰਦਰ ਮਸਜਦ ਜਾਂ ਗੁਰਦਵਾਰਾ, ਕੋਈ ਗ੍ਰੰਥ ਕੋਈ ਵੇਦ ਜਾਂ ਕੋਈ ਸ਼ਾਸਤ੍ਰ ਗੁਰੂ ਨਹੀਂ ਹੋ ਸਕਦਾ। ਇਥੇ ਕਿਸੇ ਦੀ ਨਿੰਦਿਆ ਨਹੀਂ

## ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ।

ਵਿਚਾਰ ਇਹ ਹੈ

ਕਬੀਰ ਠਾਕੁਰੁ ਪੂਜਹਿ ਮੋਲਿ ਲੇ, ਮਨ ਹਠਿ ਤੀਰਥ ਜਾਹਿ ।
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ।

ਕਬੀਰ ਪਾਹਨੁ ਪਰਮੇਸਰੁ ਕੀਆ ਪੂਜੈ ਸਭੁ ਸੰਸਾਰੁ ।
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ।

ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ।
ਪਾਹਨ ਬੋਰੀ ਪਿਰਥਮੀ, ਪੰਡਿਤ ਪਾੜੀ ਬਾਟ ।

ਸ੍ਰੀ ਕਬੀਰ ਜੀ ਸਚਾਈ ਦਸਦੇ ਹਨ ਕਿ ਪੱਥਰ ਦੀ ਮੂਰਤੀ ਮੁਲ ਲੈ ਕੇ ਪੂਜਣ ਨਾਲ ਜਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਪਰਮੇਸ਼ਰ ਦੀ ਪਰਾਪਤੀ ਨਹੀਂ ਹੁੰਦੀ। ਇਹ ਇਕ ਦੁਨਿਆਵੀ ਚਾਲ ਹੈ। ਫਿਰ ਵੀ ਜੇ ਕੋਈ ਹਠ ਕਰਕੇ ਇਹ ਨਿਸਚਾ ਰਖੇ ਕਿ ਮੈਂ ਭਵਸਾਗਰ ਤੋਂ ਪਾਰ ਹੋ ਜਾਵਾਂਗਾ ਤਾਂ ਇਹ ਇਕ ਭੁਲੇਖਾ ਹੈ, ਸਗੋਂ ਉਸਨੂੰ ਵਿਚਾਰਨਾ ਚਾਹੀਦਾ ਹੈ ਕਿ ਇਹੋ ਜਿਹੇ ਕੰਮ ਪਾਰ ਕਰਨ ਦੀ ਬਜਾਏ ਡੋਬ ਦੇਣਗੇ ਕਬੀਰ ਜੀ ਆਖਦੇ ਹਨ ਕਿ ਮੂਰਤੀ ਪੂਜਕਾਂ ਨੇ ਧਰਤੀ ਡੋਬ ਦਿਤੀ ਹੈ ਅਤੇ ਵੇਦਾਂ ਸ਼ਾਸਤਰਾਂ ਅਤੇ ਹੋਰ ਧਾਰਮਕ ਗ੍ਰੰਥਾਂ ਦੇ ਆਸਰੇ ਪੰਡਿਤ ਅਤੇ ਪਰਚਾਰਕ ਦੁਨੀਆਂ ਨੂੰ ਲੁਟ ਰਹੇ ਹਨ

ਇਹ ਮਨੁਖ ਦਾ ਸੁਭਾਵ ਹੈ ਕਿ ਜਿਸ ਕੰਮ ਨੂੰ ਹੁੰਦਾ ਲਗਾਤਾਰ ਵੇਖਦਾ ਹੈ ਉਹ ਕੰਮ ਕਰਨ ਦਾ ਦਿਲ ਵਿਚ ਚਾਅ ਉਠਦਾ ਹੈ। ਮਹਾਂਪੁਰਖ ਆਪ ਕਿਰਤਾਰਥ ਹੋ ਕੇ ਵੀ ਦੂਜਿਆਂ ਲਈ ਸ਼ੁਭ ਕਰਮ ਕਰਦੇ ਹਨ ਤਾਂ ਜੋ ਦੂਜਿਆਂ ਮਨੁਖਾਂ ਨੂੰ ਵੀ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਮਿਲੇ। ਸ੍ਰੀ ਕ੍ਰਿਸ਼ਨ ਮਹਾਰਾਜ ਜੀ ਅਪਣੇ ਸਿਖ ਅਰਜਨ ਨੂੰ ਆਖਦੇ ਹਨ ਕਿ ਹੇ ਅਰਜਨ ਤਿੰਨਾਂ ਲੋਕਾਂ ਵਿਚ ਕੋਈ ਐਸੀ ਚੀਜ਼ ਨਹੀਂ ਜਿਹੜੀ ਮੈਨੂੰ ਪ੍ਰਾਪਤ ਨ ਹੋ ਸਕੇ ਭਾਵ ਮੈਨੂੰ ਸਭ ਕੁਝ ਪ੍ਰਾਪਤ ਹੈ ਪਰ ਫਿਰ ਵੀ ਸ਼ੁਭ ਕਰਮ ਕਰਨ ਤੋਂ ਜ਼ਰਾ ਵੀ ਢਿਲ ਨਹੀਂ ਕਰਦਾ ਕਿਉਂ ਜੋ ਮੈਂ ਆਪ ਸ਼ੁਭ ਕਰਮ ਨ ਕਰਾਂ ਤਾਂ ਦੂਜੇ ਲੋਗ ਵੀ ਮੈਨੂੰ ਵੇਖਕੇ ਸ਼ੁਭ ਕਰਮ ਕਰਨੇ ਛੱਡ ਦੇਣਗੇ ਅਤੇ ਸਭ ਭ੍ਰਿਸ਼ਟ ਹੋ ਜਾਣਗੇ

"**ਸਭ ਤੇ ਵਡਾ ਸਤਿਗੁਰ**" ਹੁੰਦਾ ਹੈ। ਦੂਜਿਆਂ ਨੂੰ ਪ੍ਰੇਰਨਾ ਦੇਣ ਵਾਸਤੇ ਗੁਰੂ ਪਹਿਲਾਂ ਆਪ ਸ਼ੁਭ ਕੰਮ ਕਰਦਾ ਹੈ ਅਤੇ ਕਰਮ ਕਰਨ ਵਾਲਾ ਜ਼ਰੂਰ ਕੋਈ ਦੇਹਧਾਰੀ ਹੀ ਹੁੰਦਾ ਹੈ ਜਾਂ ਸਿੱਧਾ ਕਹਿ ਲਉ ਕਿ

## ਗੁਰੂ ਹਮੇਸ਼ਾ ਦੇਹਧਾਰੀ ਹੀ ਹੁੰਦਾ ਹੈ

ਇਤਿਹਾਸ ਵਿਚ ਇਕ ਸਾਖੀ ਹੈ ਕਿ ਦਿਲੀ ਵਿਚ ਕਿਆਮ ਦੇ ਸਮੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਸੀਤਲਾ ਨਿਕਲ ਆਈ ਸੀ। ਗੁਰੂ ਜੀ ਦੇਹ ਜਿਆਦਾ ਢਿਲੀ ਵੇਖਕੇ ਸਿਖਾਂ ਨੂੰ ਬੜੀ ਚਿੰਤਾ ਹੋਈ। ਸੰਗਤ ਦੀ ਰਜ਼ਾਮੰਦੀ ਨਾਲ ਭਾਈ ਗੁਰਬਖਸ਼ ਜੀ ਨੇ ਗੁਰੂ ਜੀ ਅਗੇ ਹਥ ਜੋੜ ਕੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ ਅਸੀਂ ਤਾਂ ਚਾਹੁੰਦੇ ਹਾਂ ਕਿ ਆਪ ਜੀ ਦੀ ਉਮਰ ਹਜ਼ਾਰਾਂ ਸਾਲ ਹੋਵੇ ਪਰ ਤੁਹਾਡੀ ਰਜ਼ਾ, ਤੁਸੀਂ ਤਾਂ ਸਚ ਖੰਡ ਜਾਣ ਦੀ ਤਿਆਰੀ ਕਰ ਰਹੇ ਹੋ। ਪਿਛਲੇ ਗੁਰੂ ਸਾਹਿਬਾਨ ਤਾਂ ਸਚ ਖੰਡ ਜਾਣ ਤੋਂ ਪਹਿਲਾਂ ਦੂਜੇ ਗੁਰੂ ਜੀ ਨੂੰ ਗੁਰ ਗੱਦੀ ਤੇ ਬੈਠਾ ਦਿੰਦੇ ਸਨ, ਹੁਣ ਆਪ ਜੀ ਦਾ ਕੀ ਹੁਕਮ ਹੈ

ਗੁਰ ਪੁਰ ਤਿਆਗਨ ਤਨ ਸਮੇਂ, ਸਭ ਰਹੇ ਭੁਜਾ ਪਕਰਾਵਤੇ।
ਅਬ ਸੰਗਤੋਂ ਕੇ ਤਾਈਂ ਤੁਮ, ਨੜ ਕਰਿਨ ਕੇ ਤੁਮ ਲਾਵਤੇ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸਿਖਾਂ ਦੀ ਪ੍ਰੀਖਿਆ ਲੈਣ ਵਾਸਤੇ ਇਕ ਨਿਰਾਲਾ ਹੀ ਕੌਤਕ ਕੀਤਾ। ਉਹ ਵੇਖਣਾ ਚਾਹੁੰਦੇ ਸਨ ਕਿ ਸਿਖ ਵੀ ਬ੍ਰਾਹਮਣਾਂ ਵਾਂਗੂ ਵੇਦ, ਸ਼ਾਸਤਰਾਂ ਅਤੇ ਗ੍ਰੰਥਾਂ ਦੀ ਪੂਜਾ ਤੇ ਸੰਤੁਸ਼ਟ ਹਨ ਜਾਂ ਕਿਸੇ ਸੱਚੇ ਗੁਰੂ ਦੇ ਲੜ ਲਗਣਾ ਚਾਹੁੰਦੇ ਹਨ। ਸ੍ਰੀ ਗੁਰੂ ਜੀ ਨੇ ਬਚਨ ਕੀਤਾ

ਗੁਰੂ ਗ੍ਰੰਥ ਸਾਹਿਬ ਸਭਿ ਕੇਰਾ। ਜੋ ਹਮਰੋ ਚਹਿ ਦਰਸਨ ਹੇਰਾ।
ਸੋ ਸਰਧਾ ਕਰ ਹੇਰਨ ਕਰੈ। ਪਾਪਨ ਗਨ ਕੋ ਤਤਛਿਨ ਹਰੈ।
ਹਮ ਸੋ ਬਾਤ ਕਰਨ ਜੋ ਚਾਹਹਿ। ਪੜਹਿ ਸੁਨਹਿ ਗੁਰ ਗ੍ਰੰਥ ਉਮਾਹਹਿ
(ਗੁਰਪ੍ਰਤਾਪ ਸੂਰਜ ਗ੍ਰੰਥ)

ਸ੍ਰੀ ਗੁਰੂ ਜੀ ਦੇ ਬਚਨ ਸੁਣ ਕੇ ਸੰਗਤ ਨੇ ਵਿਚਾਰ ਕੀਤੀ ਅਤੇ ਭਾਈ ਗੁਰਬਖਸ਼ ਜੀ ਨੇ ਦੋਬਾਰਾ ਅਰਜ਼ ਕੀਤੀ ਕਿ " ਹੇ ਗੁਰੂ ਜੀ

**ਬਿਨ ਗੁਰ, ਸੰਗਤ ਹਵੈ ਥਿਰ ਕੋਇ ਨ।**
**ਜਥਾ ਨ੍ਰਿਪਤ ਬਿਨ ਸੈਨਾ ਕੋਇ ਨ।**

ਜੋ ਗੁਰੂ ਗ੍ਰੰਥ 'ਆਪ ਨੇ ਭਨਯੋ। ਸੋ ਸਗਰੇ ਸਿਖਨ ਹੀ ਸੁਨਯੋ।
ਲਿਖ ਲੈਂ 'ਹੈਂ ਅਬ ਸੋਢੀ ਸਾਰੇ। ਬੈਠੇ ਮਾਨੀ ਗੁਰ ਹੋਇ ਭਾਰੇ

**ਯਾ ਤੇ ਸੰਗਤ ਕਿਸ ਲੜ ਲਾਵਹੁ**
**ਗੁਰਤਾ ਉਚਿਤ ਜਾਹਿ ਲਖ ਪਾਵਹੁ**

ਭਾਵ ਭਾਈ ਗੁਰਬਖਸ਼ ਜੀ ਨੇ ਅਰਜ਼ ਕੀਤੀ ਕੇ ਹੇ ਗੁਰੂ ਜੀ ਜਿਸ ਤਰ੍ਹਾਂ ਰਾਜੇ ਤੋਂ ਬਿਨਾ ਸੈਨਾ ਨਹੀਂ ਹੁੰਦੀ ਇਸ ਤਰ੍ਹਾਂ ਗੁਰੂ ਤੋਂ ਬਿਨਾ ਸੰਗਤ ਕਾਇਮ ਨਹੀਂ ਰਹਿ ਸਕਦੀ। 'ਖੇਤੀ ਖਸਮੈਂ ਸੇਤੀ' ਹੀ ਹੁੰਦੀ ਹੈ। ਹੋਰ ਜੋ ਆਪ ਜੀ ਨੇ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਸਤੇ ਹੁਕਮ ਕੀਤਾ ਹੈ ਅਸਾਂ ਸਾਰਿਆਂ ਨੇ ਸੁਣ ਲਿਆ ਹੈ ਪਰ ਵਿਚਾਰ ਇਹ ਹੈ ਕਿ ਜਦੋਂ ਸਾਰੇ ਹੀ ਸੋਢੀ ਸ੍ਰੀ ਗ੍ਰੰਥ ਸਾਹਿਬ ਦਾ ਉਤਾਰਾ ਕਰਕੇ ਅਪਣੇ ਅਪਣੇ ਕੋਲ ਰਖ ਲੈਣਗੇ ਤਾਂ ਫਿਰ ਗ੍ਰੰਥ ਸਾਹਿਬ ਵੀ ਅਨਗਿਣਤ ਹੋ ਜਾਣਗੇ ਫਿਰ ਅਸੀਂ ਕਿਸ ਕਿਸ ਨੂੰ ਗੁਰੂ ਮੰਨਾਂਗੇ ? ਸੋ ਆਪ ਜੀ ਕਿਰਪਾ ਕਰੋ ਅਤੇ ਪੂਰਬ ਗੁਰ ਸਾਹਿਬਾਨ ਦੀ ਮਰਜਾਦਾ ਅਨੁਸਾਰ ਕਿਸੇ ਯੋਗ ਵਿਅਕਤੀ ਨੂੰ ਅਪਣਾ ਉੱਤਰਾਧਿਕਾਰੀ ਬਣਾਓ

ਸੰਗਤ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਜੀ ਨੇ ਪੰਜ ਪੈਸੇ ਅਤੇ ਇਕ ਨਾਰੀਅਲ ਲਿਆਉਣ ਦਾ ਹੁਕਮ ਕੀਤਾ। ਹੁਕਮ ਅਨੁਸਾਰ ਇਕ ਸੋਨੇ ਦੇ ਥਾਲ ਵਿਚ ਇਕ ਨਾਰੀਅਲ ਅਤੇ ਪੰਜ ਪੈਸੇ ਗੁਰੂ ਸਾਹਿਬ ਜੀ ਦੇ ਪੇਸ਼ ਕੀਤੇ ਗਏ। ਗੁਰੂ ਸਾਹਿਬ ਜੀ ਨੇ ਪਲੰਘ ਤੋਂ ਉਤਰ ਕੇ ਜ਼ਮੀਨ ਉਤੇ ਆਸਣ ਤੇ ਬੈਠ ਕੇ

Sri Satguru Jagjit Singh Ji Elibrary NamdhariElibrary@gmail.com

ਥਾਲ ਹੱਥ ਵਿਚ ਲੈ ਕੇ ਬਚਨ ਕੀਤਾ

# ਬਾਬਾ ਬਸਹਿ ਜਿ ਗ੍ਰਾਮ ਬਕਾਲੇ
# ਬਨਿ ਗੁਰ ਸੰਗਤ ਸਕਲ ਸਮਾਲੇ



# ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ

ਦਿਲੀ ਨਿਵਾਸ ਸਮੇਂ ਅੰਤਿਮ ਵੇਲੇ ਗੁਰ ਗੱਦੀ ਦੀ ਸਮਗ੍ਰੀ ਪੰਜ ਪੈਸੇ ਅਤੇ ਇਕ ਨਲੀਏਰ ਥਾਲ ਵਿਚ ਰਖਕੇ **ਬਾਬਾ ਬਸਹਿ ਜਿ ਗ੍ਰਾਮ ਬਕਾਲੇ** ਦੇ ਸੰਕੇਤ ਨਾਲ ਸੰਗਤ ਦੇ ਸਪੁਰਦ ਕਰ ਰਹੇ ਹਨ

ਜਿਸ ਵਕਤ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਬਾਬਾ ਬਸਹਿ ਜਿ ਗ੍ਰਾਮ ਬਕਾਲੇ ਵਾਲੇ ਸ਼ਬਦ ਉਚਾਰੇ, ਉਸੇ ਵਕਤ ਤਤ ਛਿਨ ਸ੍ਰੀ ਗੁਰੂ ਨਾਨਕ ਦੇਵ ਵਾਲੀ ਜੋਤ ਬਕਾਲੇ ਨਗਰ ਵਿਚ ਸਮਾਧੀ ਇਸਥਿਤ ਸ੍ਰੀ ਤੇਗ ਬਹਾਦਰ ਵਿਚ ਪ੍ਰਵੇਸ਼ ਕਰ ਗਈ। ਰਜ਼ਾ ਦੇ ਮਾਲਕ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਭੇਦ ਨੂੰ ਗੁਪਤ ਹੀ ਰਖਿਆ ਪਰ **ਚੜ੍ਹਿਆ ਚੰਨ** ਕਿੰਨਾ ਕੂ ਚਿਰ ਛੁਪਿਆ ਰਹਿ ਸਕਦਾ ਹੈ। ਸਤਿਗੁਰੂ ਜੀ ਨੂੰ ਪਰਗਟ ਕਰਨੇ ਵਾਸਤੇ ਅਕਾਲ ਪੁਰਖ ਵਲੋਂ ਹੀ ਮਖਣ ਸ਼ਾਹ ਲੁਬਾਣੇ ਦੇ ਸਮੁੰਦਰੀ ਜਹਾਜ ਦੇ ਸਮੁੰਦ੍ਰ ਵਿਚ ਅਟਕ ਜਾਣ ਵਾਲਾ ਕੌਤਕ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਖਤ ਤੇ ਸੁਸ਼ੋਭਾਇਮਾਨ ਹਾਜ਼ਰ ਗੁਰੂ ਦੀ ਸੁਖਣਾ ਸੁਖਣ ਤੇ ਜਦੋਂ ਜਹਾਜ਼ ਸਹੀ ਸਲਾਮਤ ਕਿਨਾਰੇ ਲਗ ਗਿਆ ਤਾਂ ਮਖਣ ਸ਼ਾਹ ਪੁਛਦਾ ਪੁਛਦਾ ਬਕਾਲੇ ਪਹੁੰਚ ਗਿਆ। ਇਥੇ 22 (Twenty two) ਮੰਜੀਆਂ ਦਾ

Sri Satguru Jagjit Singh Ji Elibrary NamdhariElibrary@gmail.com

ਜਾਲ ਵਿਛਿਆ ਹੋਇਆ ਵੇਖਕੇ ਹੈਰਾਨ ਹੋਇਆ । ਇਥੇ ਸਾਰੇ ਆਪੂੰ ਬਣੇ ਜਾਅਲੀ ਗੁਰੂਆਂ ਦੀ ਗੁਪਤ ਪ੍ਰੀਖਿਆ ਲੈ ਕੇ ਸਭ ਦੇ ਪੋਲ ਖੋਲ ਦਿੱਤੇ ਅਤੇ ਅਖੀਰ ਤੇ ਸ੍ਰੀ ਗੁਰੂ ਤੇਗ ਬਹਾਦਰ ਰਾਹੀਂ ਅਪਣੀ ਭਾਵਨਾ ਪੂਰੀ ਹੋਈ ਵੇਖਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਪਲੂ ਫੇਰ ਕੇ ਦੁਹਾਈ ਦਿੱਤੀ **ਗੁਰੂ ਲਾਧੋ ਰੇ, ਗੁਰੂ ਲਾਧੋ ਰੇ**

ਲੋਕੀ ਕਮਲੇ, ਜਿਸ ਵਿਅਕਤੀ ਨੂੰ ਤੇਗਾ ਕਮਲਾ ਕਹਿੰਦੇ ।
ਸਿਮਰਨ ਭਗਤੀ ਤਿਆਗ ਵੈਰਾਗ ਵਿਚ ਲੀਨ ਸਦਾ ਜੋ ਰਹਿੰਦੇ ।
ਛੱਬੀ ਵਰ੍ਹੇ ਤਪਸਯਾ ਕੀਤੀ, ਜਿਨ੍ਹਾਂ ਨੇ ਬੈਠ ਬਕਾਲੇ ।
ਨਾਲ ਸਮੇਂ ਗੁਰੂ ਤੇਗ ਬਹਾਦਰ, ਬਣ ਗੁਰੂ ਗੱਦੀ ਬਹਿੰਦੇ ।

(ਸੰਤ ਸੰਗਾਰਾ ਸਿੰਘ ਜੀ)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੂਰ ਦੂਰ ਤਕ ਗੁਰਮਤ ਦਾ ਪਰਚਾਰ ਕੀਤਾ । ਔਰੰਗਜ਼ੇਬ ਦੇ ਬੜੇ ਲਾਲਚ ਅਤੇ ਡਰਾਵੇ ਦੇਣ ਤੇ ਵੀ ਆਪ ਜੀ ਨੇ ਨ ਕੋਈ ਕਰਾਮਾਤ ਵਿਖਾਈ ਅਤੇ ਨ ਹੀ ਹਿੰਦੂ ਧਰਮ ਛੱਡਿਆ ਅੰਤ ਆਪ ਰਜ਼ਾ ਅਨੁਸਾਰ ਸ਼ਹੀਦ ਹੋ ਗਏ

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ।
ਹੈ ਹੈ ਹੈ ਸਭ ਜਗਤ ਭਯੋ ਜੈ ਜੈ ਜੈ ਸੁਰ ਲੋਕ ।

ਸ਼ਹੀਦ ਹੋਣ ਤੋਂ ਪਹਿਲਾਂ ਆਪ ਜੀ ਨੇ ਅਪਣਾ ਉੱਤ੍ਰਾਧਿਕਾਰੀ ਅਪਣੇ ਸਾਹਿਬਜ਼ਾਦੇ ਸ੍ਰੀ ਗੋਬਿੰਦ ਦਾਸ (ਰਾਇ) (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਨੀਯਤ ਕੀਤਾ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੱਦੀ ਨਸ਼ੀਨ ਹੁੰਦਿਆਂ ਹੀ ਵਿਚਾਰਿਆ ਕਿ ਹੁਣ ਜ਼ੁਲਮ ਦੀ ਅਤਿ ਹੋ ਗਈ ਹੈ ਅਤੇ ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਣਤੇ ਅਥਵਾ

**ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ।**
**ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ ।**

ਅਨੁਸਾਰ ਗੁਰੂ ਜੀ ਨੇ ਗੱਦੀ ਨਸ਼ੀਨ ਹੁੰਦਿਆਂ ਜੰਗੀ ਤਿਆਰੀਆਂ ਸ਼ੁਰੂ ਕਰ ਦਿਤੀਆਂ । ਥੋੜੇ ਦਿਨਾਂ ਵਿਚ ਹੀ ਇਕ ਤਕੜੀ ਫੌਜ ਤਿਆਰ ਹੋ ਗਈ । ਫੌਜ ਵਾਸਤੇ ਕਿਲਾ ਵੀ ਬਣ ਗਿਆ ਇਕ ਬਹੁਤ ਵਡਾ ਨਗਾਰਾ ਵੀ ਤਿਆਰ ਹੋ ਗਿਆ । ਇਸ ਨਗਾਰੇ ਦਾ ਨਾਮ ਰਣਜੀਤ ਨਗਾਰਾ ਰਖਿਆ ਗਿਆ । ਜਦੋਂ ਇਹ ਨਗਾਰਾ ਵਜਦਾ ਸੀ ਇਸ ਦੀ ਆਵਾਜ਼ ਦੂਰ ਦੂਰ ਤਕ ਬਦਲ ਵਾਂਗੂ ਗਰਜਦੀ ਸੁਣਾਈ ਦਿੰਦੀ ਸੀ । ਸਤਿਗੁਰੂ ਜੀ ਦੀਆਂ ਜੰਗੀ ਤਿਆਰੀਆਂ ਦੀ ਖਬਰ ਦੂਰ ਦੂਰ ਫੈਲ ਗਈ । ਕਈ ਵਾਰ ਪਹਾੜੀ

ਰਾਜਿਆਂ ਅਤੇ ਸ਼ਾਹੀ ਸੈਨਾ ਨਾਲ ਲੜਾਈਆਂ ਹੋਈਆਂ, ਹਰ ਵਾਰ ਰਾਜਿਆਂ ਦੀ ਅਤੇ ਸ਼ਾਹੀ ਸੈਨਾ ਦੀ ਹਾਰ ਹੀ ਹੋਈ। ਕਈ ਲੜਾਈਆਂ ਲੜਨ ਬਾਦ ਆਪ ਦਖਣ ਦੇਸ਼ ਵਲ ਚਲੇ ਗਏ ਅਤੇ ਨਾਦੇੜ ਜਾ ਡੇਰਾ ਲਾਇਆ। ਤੁਰਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਖਾਤਰ ਆਪ ਜੀ ਇਕ ਰਾਜ ਨੀਤਕ ਚਾਲ ਅਨੁਸਾਰ, ਰਾਤ ਦੇ ਅਨ੍ਹੇਰੇ ਵਿਚ, ਚਿਖਾ ਵਾਲਾ ਕੌਤਕ ਖੇਡ ਕੇ, ਸਿਖਾਂ ਤੋਂ ਅੱਖ ਬਚਾ ਕੇ ਗੁਪਤ ਵਿਚਰਨ ਵਾਸਤੇ ਨਾਦੇੜ ਤੋਂ ਨਿਕਲ ਗਏ। ਬੜੇ ਸਾਲ          ਬਾਬਾ ਅਜਪਾਲ ਸਿੰਘ ਦੇ ਨਾਮ ਹੇਠ ਗੁਪਤ ਵਿਚਰਦੇ ਰਹੇ। ਮੁਨਾਸਬ ਸਮਾਂ ਵੀਚਾਰ ਕੇ ਆਪ ਜੀ ਨੇ ਪੰਜਾਬ ਤੋਂ ਬਹੁਤ ਦੂਰ ਹਰੋ ਨਦੀ ਦੇ ਕਿਨਾਰੇ ਸਮਾਧੀ ਇਸਥਿਤ ਇਕ ਪੂਰਨ ਗੁਰਸਿਖ ਬਾਬੇ ਬਾਲਕ ਸਿੰਘ ਜੀ ਨੂੰ ਦਰਸ਼ਨ ਦਿੱਤੇ। ਬਾਬੇ ਜੀ ਦੇ ਸਾਰੇ ਸ਼ੰਕੇ ਨਵਿਰਤ ਕਰਦਿਆਂ ਆਪ ਜੀ ਨੇ ਬਾਬੇ ਜੀ ਨੂੰ ਕਹਿਆ ਕਿ ਮੈਂ ਹੀ ਹਾਂ ਜਿਸ ਨੂੰ ਲੋਕੀ ਗੁਰੂ ਗੋਬਿੰਦ ਸਿੰਘ ਆਖਦੇ ਹਨ ਅਤੇ ਮੈਂ ਹੀ ਹਾਂ ਜਿਸ ਨੇ ਚਿਖਾ ਵਾਲਾ ਸਾਂਗ ਵਰਤਾਇਆ ਸੀ। ਇਸ ਤਰ੍ਹਾਂ ਦੇ ਬਚਨ ਕਰਨ ਉਪ੍ਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬੇ ਜੀ ਨੂੰ ਭਜਨ (ਗੁਰਮੰਤ੍ਰ) ਦੀ ਦਾਤ ਬਖਸ਼ੀ। ਫਿਰ ਗੁਰੂ ਜੀ ਉਥੇ ਹੀ ਬਾਬੇ ਬਾਲਕ ਸਿੰਘ ਜੀ ਅਗੇ ਪੰਜ ਪੈਸੇ ਅਤੇ ਇਕ ਨਾਰੀਅਲ ਰਖ ਕੇ ਮੱਥਾ ਟੇਕ ਕੇ ਬਾਬੇ ਬਾਲਕ ਸਿੰਘ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਖਤ ਦਾ ਗਿਆਰਵਾਂ ਜਾਨਸ਼ੀਨ ਅਥਵਾ ਅਪਣਾ ਉੱਤ੍ਰਾਧਿਕਾਰੀ ਬਣਾ ਦਿੱਤਾ। ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਗੱਦੀ ਸੌਂਪਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਹਿਆ ਸੀ ਕਿ ਇਹ ਮੇਰੀ ਅਮਾਨਤ ਹੈ ਮੈਂ ਆਪੇ ਹੀ ਆ ਕੇ ਆਪ ਜੀ ਕੋਲੋਂ ਇਹ ਅਮਾਨਤ ਵਾਪਸ ਲੈ ਲਵਾਂਗਾ। ਉਦੋਂ ਮੇਰਾ ਨਾਮ ਰਾਮ ਸਿੰਘ ਹੋਵੇਗਾ

ਐਪੈ ਗੁਰ ਦਸਮ ਦਰਸ ਦੈ ਸੋ ਕਹਯੋ ਤਾਂਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਕਰੇ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਜਿਤੇ ਰੰਧਾਵੇ ਨਾਲ ਹੋਏ ਭਵਿਸ਼ ਬਚਨ

"ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ"

ਅਨੁਸਾਰ ਸ੍ਰੀ ਗੁਰੂ ਬਾਲਕ ਸਿੰਘ ਜੀ ਬਹੁਤ ਗੁਪਤ ਹੀ ਰਹੇ ਸਨ। ਗੁਪਤ ਰਹਿਣ ਦਾ ਭਾਵ ਇਹ ਨਹੀਂ ਕਿ ਉਹ ਗੁਰੂ ਨਹੀਂ ਹੋਏ, ਭਾਵ ਇਹ ਹੈ

ਗੋਇ ਰਾਖੀ ਘਟ ਦੀਪ ਜਿਨ ਨਿਜ ਅਜਮਤ

ਜਿਸ ਤਰ੍ਹਾਂ ਇਕ ਘੜੇ ਵਿਚ ਜਗਦਾ ਦੀਵਾ ਰਖਿਆ ਹੋਇਆ ਦੂਰੋ ਵਿਖਾਈ ਨਹੀਂ ਦਿੰਦਾ ਪਰ ਜਦੋਂ ਨੇੜੇ ਹੋ ਕੇ ਵੇਖੀਏ ਤਾਂ ਦਿਸ ਪੈਂਦਾ ਹੈ। ਇਸੇ ਤਰ੍ਹਾਂ ਗੁਰੂ ਬਾਲਕ ਸਿੰਘ ਜੀ ਭਾਵੇਂ ਬਹੁਤਾ ਪਰਗਟ ਨਹੀਂ ਸਨ ਹੋਏ ਪਰ ਹੈਨ ਉਹ ਗੁਰੂ ਹੀ ਸਨ, ਉਹ ਤਾਂ

ਨਾਮ ਸਿੰਘ ਬਾਲਕ, ਪੈ ਪਾਲਕ ਪੈਰੀਂਬਰੋਂ ਕੇ
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈਂ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭਵਿਖ ਵਾਕ ਅਨੁਸਾਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਸਿਕ ਅਵਤਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦੁਰਭਾਵ ਜਿਲੇ ਲੁਧਿਆਨੇ ਦੇ ਇਕ ਪਿੰਡ ਰਾਈਆਂ (ਸ੍ਰੀ ਭੈਣੀ ਸਾਹਿਬ ਦੇ ਨਾਲ ਲਗਦਾ ਪਿੰਡ) ਵਿਖੇ ਹੋਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਚਪਨ ਵਿਚ ਅਨੇਕ ਕੌਤਕ ਕਰਦੇ ਹੋਏ ਜਦੋਂ ਜਵਾਨ ਹੋਏ ਤਾਂ ਖਾਲਸਾ ਫੌਜ ਵਿਚ ਭਰਤੀ ਹੋ ਗਏ। ਫੌਜ ਵਿਚ ਰਹਿੰਦਿਆਂ ਹੋਇਆਂ ਵੀ ਆਪ ਅਪਣਾ ਨਿਤ ਨੇਮ ਪੂਰਾ ਕਰਦੇ ਸਨ। ਆਪ ਜੀ ਦੀ ਕਰਨੀ ਤੋਂ ਪ੍ਰਭਾਵਤ ਹੋ ਕੇ ਆਪ ਜੀ ਵਾਲੀ ਪਲਟਨ ਦੇ ਦੂਜੇ ਫੌਜੀ ਵੀ ਭਜਨ ਬਾਣੀ ਕਰਨ ਲਗ ਪਏ ਸਨ। ਹੌਲੀ ਹੌਲੀ ਇਸ ਪਲਟਨ ਦਾ ਨਾਮ ਹੀ ਭਗਤਾਂ ਵਾਲੀ ਫੌਜ ਪੈ ਗਿਆ ਸੀ। ਸੰਮਤ ੧੮੯੮ ਵਿਚ ਆਪ ਜੀ ਵਾਲੀ ਪਲਟਨ ਕਿਸੇ ਸਰਕਾਰੀ ਕੰਮ ਵਾਸਤੇ ਪਿਸ਼ਾਵਰ ਜਾਂਦਿਆਂ ਰਾਹ ਵਿਚ ਹਜ਼ਰੋ ਠਹਿਰੀ ਸੀ। ਹਜ਼ਰੋ ਵਿਚ ਉਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਬਾਲਕ ਸਿੰਘ ਜੀ ਦੀ ਬੜੀ ਪ੍ਰਸਿਧੀ ਸੀ। ਗੁਰੂ ਬਾਲਕ ਸਿੰਘ ਜੀ ਦੀ ਪ੍ਰਸਿਧੀ ਸੁਣ ਕੇ ਆਪ ਅਪਣੇ ਕਈ ਫੌਜੀ ਸਾਥੀਆਂ ਸਮੇਤ ਦਰਸ਼ਨ ਕਰਨ ਵਾਸਤੇ ਗਏ। ਜਦੋਂ ਸਤ ਸੰਗ ਵਾਲੀ ਜਗਾਹ ਤੇ ਪੁਜੇ ਤਾਂ ਉਥੇ ਸ੍ਰੀ ਗੁਰੂ ਬਾਲਕ ਸਿੰਘ ਜੀ ਕਥਾ ਕਰ ਰਹੇ ਸਨ। ਜਦੋਂ ਮਰਯਾਦਾ ਪਰਸੋਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਮਥਾ ਟੇਕਿਆ ਤਾਂ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ :-

### "ਆਓ ਠਾਕੁਰ ਜੀ ਮਹਾਰਾਜ, ਅਸੀਂ ਤਾਂ ਬੜੇ ਚਿਰਾਂ ਤੋਂ ਆਪ ਜੀ ਦੀ ਉਡੀਕ ਕਰ ਰਹੇ ਹਾਂ"

ਇੰਨਾ ਬਚਨ ਕਰਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਉਠ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜੱਫੀ ਪਾ ਕੇ ਮਿਲੇ ਅਤੇ ਬੜੇ ਆਦਰ ਸਹਿਤ ਅਪਣੇ ਕੋਲ ਹੀ ਗੱਦੀ ਤੇ ਬੈਠਾ ਲਿਆ। ਮਰਯਾਦਾ ਨੂੰ ਮੁਖ ਰਖ ਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕੰਨ ਵਿਚ ਭਜਨ (ਗੁਰਮੰਤ੍ਰ) ਦਿੱਤਾ ਅਤੇ ਫਿਰ ਨਾਲ ਆਏ ਦੂਜਿਆਂ ਫੌਜੀਆਂ ਨੂੰ ਵੀ ਭਜਨ ਦਿੱਤਾ। ਫਿਰ ਸਾਰੀ ਸੰਗਤ ਨੂੰ ਦਸਿਆ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਸਿਕ ਅਵਤਾਰ ਹਨ ਅਤੇ ਇਹ ਉਹੀ ਠਾਕੁਰ ਹਨ ਜਿਨ੍ਹਾਂ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੈਨੂੰ ਹੁਕਮ ਕਰ ਗਏ ਸਨ ਕਿ ਅਸੀਂ ਆਪੇ ਹੀ ਇਥੇ ਆ ਕੇ ਅਪਣੀ ਅਮਾਨਤ ਲੈ ਜਾਵਾਂਗੇ। ਅਤੇ ਜਿਨ੍ਹਾਂ ਬਾਰੇ ਲਿਖਿਆ ਹੈ :-

### ਦੂਆ ਦਸਪੁਰਖ ਹੈ ਆਦਿ ਸੇ, ਸਭਨ ਕੇ ਸਿਰਮੌਰ।
### ਸ਼ਕਤਿ ਅਨੰਤੀ ਆਇ ਹੈ, ਆਦਿ ਇਹੈ ਨਹੀਂ ਔਰ।

ਇੰਨਾ ਕਹਿ ਕੇ ਪੰਜ ਪੈਸੇ ਅਤੇ ਇਕ ਨਾਰੀਅਲ ਰਖ ਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਪਹਿਲਾਂ ਆਪ ਸਤਿਗੁਰੂ ਰਾਮ ਸਿੰਘ ਜੀ ਨੂੰ ਮੱਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੂੰ ਮੱਥਾ ਟੇਕਨ ਦਾ ਹੁਕਮ ਕੀਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁਕੀ ਸਿਖੀ ਫਿਰ ਹਰੀ ਭਰੀ ਕਰਨ ਨਾਲ ਸਮਾਜ ਸੁਧਾਰ ਵੀ ਬਹੁਤ ਕੀਤਾ ਆਪ ਜੀ ਨੇ ਬਾਲ ਵਿਵਾਹ, ਕੁੜੀਆਂ ਮਾਰਨੀਆਂ, ਕੁੜੀਆਂ ਵੇਚਣੀਆਂ ਅਤੇ ਵਟਾ ਦੇ ਰਿਸ਼ਤੇ ਕਰਨੇ ਬੰਦ ਕੀਤੇ, ਵਿਧਵਾ ਵਿਵਾਹ ਦੀ ਪ੍ਰਵਾਨਗੀ ਦੇ ਦਿੱਤੀ। ਇਸਤਰੀਆਂ ਨੂੰ ਵੀ ਅੰਮ੍ਰਿਤ ਛਕਣ ਅਤੇ ਕਛਹਿਰੇ ਧਾਰਨ ਕਰਨ ਦਾ ਹੁਕਮ ਕੀਤਾ। ਵਿਵਾਹ ਸਮੇ ਖਰਚੀਲੀਆਂ ਅਤੇ ਬੇਲੋੜੀ ਦੀਆਂ ਰਸਮਾਂ ਤੋਂ ਬਚਨ ਲਈ ਅਨੰਦ ਕਾਰਜ ਦੀ ਸਾਦਾ ਰਸਮ ਜਾਰੀ ਕੀਤੀ। ਦੇਵੀ ਦੇਵਤੇ ਭੂਤਾਂ ਪਰੇਤਾਂ ਦੀ ਪੂਜਾ ਤੋ ਹਟਾ ਕੇ ਸਿਖਾਂ ਨੂੰ ਇਕ ਅਕਾਲ ਪੁਰਖ ਦੇ ਸਿਮਰਨ ਵਲ ਲਾਇਆ। ਮਾਸ ਖਾਣਾ ਅਤੇ ਸ਼ਰਾਬ ਪੀਣੀ ਬੰਦ ਕੀਤੀ ਆਪ ਜੀ ਦਾ ਦਰਸ਼ਨ ਐਸਾ ਚਮਤਕਾਰੀ ਸੀ ਕਿ ਜਿਹੜਾ ਵੀ ਆਪ ਜੀ ਦਾ ਦਰਸ਼ਨ ਕਰਦਾ ਅਥਵਾ ਆਪ ਜੀ ਦਾ ਉਪਦੇਸ਼ ਸੁਣਦਾ ਉਹ ਹੀ ਆਪ ਜੀ ਦਾ ਸਿਖ ਸੱਜ ਜਾਂਦਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :-

ਹੁੱਕੇ ਛੁਡਵਾਏ, ਰਖਵਾਏ ਕੇਸ ਮੋਨਯੋਂ ਕੇ,
ਸੁਧਾ ਛਕਿ, ਬਾਣੇ ਸਿੱਖ ਭਾਗ ਜਿਨੈ ਜਾਗਿਓ । ਸੁਧਾ : ਅੰਮ੍ਰਿਤ
ਫੈਲਯੋ ਜਸ ਭਾਰੀ ਸਿੱਖ ਬੀਣੇ ਤਾਹਿ ਕੇ ਅਪਾਰੀ,
ਸਿੱਖ ਪੰਥ ਬਿਰਧਾਇਓ, ਨਾਮ ਰਸ ਪਾਗਿਓ । ਬਿਰਧਾਇਓ = ਵਧਿਆ
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,
ਠੱਗੀ ਤਜਿ ਬੀਣੇ ਸੰਤ, ਸਤਿਜੁਗ ਆ ਗਿਓ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਜਿਥੇ ਨਾਮ ਬਾਣੀ ਦਾ ਪਰਚਾਰ ਕੀਤਾ ਅਤੇ ਸਮਾਜ ਦਾ ਸੁਧਾਰ ਕੀਤਾ ਉਥੇ ਨਾਲ ਹੀ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਜਾਤ ਪਾਉਣ ਵਾਸਤੇ ਵੀ ਪਰਚਾਰ ਕੀਤਾ ਸਾਰੇ ਦੇਸ਼ ਵਾਸਤੇ ੨੨ (Twenty two) ਸੂਬੇ ਥਾਪ ਕੇ ਇਕ ਸਾਂਵੀ ਹਕੂਮਤ (PARALLEL GOVERNMENT) ਚਲਾਈ। ਦੇਸ਼ ਦੇ ਸਰਮਾਏ ਨੂੰ ਵਲਾਇਤ ਜਾਂਦਾ ਵੇਖ ਕੇ, ਅੰਗਰੇਜ਼ਾਂ ਦੀ ਚਾਲਾਕੀ ਭਾਂਪ ਕੇ, ਬਿਦੇਸ਼ੀ ਚੀਜ਼ਾਂ ਦਾ ਬਾਈਕਾਟ ਕੀਤਾ ਅਤੇ ਸੁਦੇਸ਼ੀ ਚੀਜ਼ਾਂ ਦੇ ਵਰਤਣ ਦਾ ਪਰਚਾਰ ਕੀਤਾ। ਭਾਰਤ ਦੇ ਅਸਲੀ ਸਰਮਾਏ ਗਊ ਮਾਤਾ ਦੀ ਹੱਤਿਆ ਨ ਸਹਾਰਦਿਆਂ ਹੋਇਆਂ, ਆਪ ਜੀ ਦੇ ਸਿਖਾਂ ਨੇ ਅੰਗਰੇਜ਼ੀ ਰਾਜ ਨੂੰ ਫਿਟਕਾਰਦਿਆਂ ਹੋਇਆਂ ਖੁਸ਼ੀ ਖੁਸ਼ੀ ਮੌਤ ਦਾਣੀ ਨੂੰ ਗਲਵਕੜੀਆਂ ਪਾਈਆਂ ਅਤੇ ਅਖੀਰ ਆਪ ਜੀ

**ਸਕਲ ਭਵ ਦੀਪ ਮੈ ਜਾਹੀ । ਹੋਇ ਕ੍ਰਿਪਾਲ ਪ੍ਰਭ ਦਰਸ ਦਿਖਾਹੀ**

ਅਨੁਸਾਰ ਅੰਗਰੇਜ਼ੀ ਸਰਕਾਰ ਦੇ ਬਹਾਨੇ ਪ੍ਰਦੇਸ ਚਲੇ ਗਏ। ਜਾਣ ਲੱਗਿਆਂ ਆਪ ਜੀ ਨੇ ਕੁਝ ਇਹੋ ਜਹੇ ਬਚਨ ਕਹੇ ਸਨ :-

ਮੈਂ ਇਸੇ ਦੇਹ ਵਿਚ ਜ਼ਰੂਰ ਵਾਪਸ ਆਵਾਂਗਾ। ਜਿਤਨਾ ਚਿਰ ਸਾਰੀ ਸ੍ਰਿਸ਼ਟੀ ਤੇ ਧਰਮ ਨਹੀਂ ਵਰਤਦਾ ਮੈਂ ਕਿਤਲੇ ਨਹੀਂ ਜਾਂਦਾ। ਸੂਰਜ ਭਾਵੇਂ ਲਹਿੰਦੇ ਵਲੋਂ ਚੜ੍ਹਨ ਲਗ ਪਵੇ, ਪਰ ਇਹ ਕਦੇ ਹੋ ਨਹੀਂ ਸਕਦਾ ਕਿ ਮੈਂ ਨ ਆਵਾਂ। ਅੰਗਰੇਜ਼ ਮੈਨੂੰ ਮਰ ਗਿਆ ਆਖਣਗੇ ਪਰ ਤੁਸਾਂ ਇਤਬਾਰ ਨਹੀਂ ਕਰਨਾ, ਇਤਿਆਦਿ

Sri Satguru Jagjit Singh Ji Elibrary NamdhariElibrary@gmail.com

ਅੰਤ੍ਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ ਕਿ ਅਜੇ ਗੁਪਤ ਖੇਡ ਬਹੁਤ ਦੇਰ ਤਕ ਖੇਡਣੀ ਹੈ ਅਤੇ ਸੰਗਤ ਨੂੰ ਵੀ ਦੇਹਧਾਰੀ ਗੁਰੂ ਦੀ ਲੋੜ ਹੈ। ਇਸ ਲਈ ਉਨ੍ਹਾਂ ਜਾਣ ਸਮੇਂ ਪੰਥ ਦੀ ਜ਼ਿੰਮੇਵਾਰੀ ਆਪਣੇ ਛੋਟੇ ਵੀਰ ਭਾਈ ਬੁਧ ਸਿੰਘ ਜੀ ਨੂੰ ਸੌਂਪ ਦਿੱਤੀ ਜਿਸ ਤਰ੍ਹਾਂ ਲਿਖਿਆ ਹੈ

**ਬੋਲੇ ਤੁਮ ਪੀਛੇ ਸਭ ਕਾਰਾ। ਈਹਾਂ ਰਾਖੋ ਭਲੀ ਪ੍ਰਕਾਰਾ**
**ਕਰੀਓ ਭਜਨ ਕਰਾਵੋ ਔਰਨ ਬਿਨਾ ਨਾਮ ਕਾਹੂ ਕੋਊ ਤੋਰਨ**
**ਸਾਰ ਸੰਭਾਲ ਰਖੋ ਸਭ ਸੰਗਤ।**
**ਇਤ ਦਰ ਦੀ ਹੋਵੇ ਲਖ ਪੰਗਤ।**

ਭਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਜਾਣ ਲਗਿਆਂ ਹੀ ਪੰਥ ਦੀ ਜ਼ਿੰਮੇਵਾਰੀ ਭਾਈ ਬੁਧ ਸਿੰਘ ਜੀ ਨੂੰ ਸੌਂਪ ਦਿਤੀ ਸੀ ਪਰ ਫਿਰ ਵੀ ਇਕ ਵਾਰ ਹੋਰ ਰੰਗੂਨ ਤੋਂ ਸਭ ਤੋਂ ਪਹਿਲੇ ਸੰਤ ਦਰਬਾਰਾ ਸਿੰਘ ਜੀ ਰਾਹੀਂ ਭੇਜੇ ਹੋਏ ਹੁਕਮਨਾਮੇ ਵਿਚ ਵੀ ਲਿਖ ਭੇਜਿਆ ਸੀ ਕਿ "**ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ। ਇਹ ਸਿਖੀ ਨੂੰ ਹਰੀ ਰਖਣਗੇ। ਇਨ੍ਹਾਂ ਨੂੰ ਸਿਰ ਕਰਤਾ ਮੰਨਣਾ। ਮੇਰੇ ਧੱਕੇ ਨੂੰ ਇਹ ਬਖਸ਼ ਸਕਦੇ ਹਨ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ**"

ਤੇ

**ਮੇਰਾ ਕੋਈ ਧਿਰਕਾਰਿਆ ਬਖਸ਼ਣ ਕਿਰਪਾਧਾਰ।**
**ਓਹ ਜਿਸ ਨੂੰ ਧਿਰਕਾਰ ਦੇਣ ਕੋਈ ਨ ਬਖਸ਼ਣਹਾਰ।**

ਦੁਨਿਆਵੀ ਰਸਮ ਅਨੁਸਾਰ ਭਾਈ ਜੀ ਅਥਵਾ ਸ੍ਰੀ ਸਤਿਗੁਰੂ "ਸੰਤ ਇੰਦਰ ਸਿੰਘ ਜੀ ਚੱਕ੍ਰਵਰਤੀ" ਰਾਮ ਸਿੰਘ ਜੀ ਦਾ ਵਿਛੋੜਾ ਭਾਵੇਂ ਅਸਹਿ ਸੀ ਪਰ ਹੁਕਮ ਅਗੇ ਸਿਰ ਝੁਕਾਂਦਿਆਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸਿਖੀ ਰੂਪ ਫੁਲਵਾੜੀ ਨੂੰ ਹਰੀ ਰਖਿਆ। ਅੰਗਰੇਜ਼ੀ ਸਰਕਾਰ ਦੇ ਨਾਜਾਇਜ਼ ਅਤੇ ਕਮੀਨੇ ਸਲੂਕ ਦਾ ਸ਼ਾਂਤੀ ਨਾਲ ਮੁਕਾਬਲਾ ਕੀਤਾ। ਆਪਣੇ ਲਾਡਲੇ ਸਿਖਾਂ ਉਤੇ

ਸਰਕਾਰ ਵਲੋਂ ਵਹਿਸ਼ਿਆਨਾ ਜ਼ੁਲਮ ਹੁੰਦਿਆਂ ਹੋਇਆਂ ਵੀ ਸਬਰ ਅਤੇ ਸਿਦਕ ਨਾਲ ਸਾਮ੍ਹਣਾ ਕੀਤਾ ਅਤੇ ਅਤਿ ਸੰਕਟ ਦੇ ਸਮੇਂ ਵੀ ਲੰਗਰ ਜਾਰੀ ਰੱਖਿਆ

ਸੰਮਤ ਬਿਕ੍ਰਮੀ ੧੯੪੬ (ਸੰਨ 1890) ਚੇਤ ਵਦੀ ਤੀਜ ਐਤਵਾਰ ਦਾ ਉਹ ਸੁਭਾਗਾ ਦਿਹਾੜਾ ਆਇਆ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਭਵਿਸ਼ ਬਚਨ

## "ਪਰਤਾਪ ਸਿੰਘ ਵਡੇ ਪਰਤਾਪ ਵਾਲਾ ਹੋਵੇਗਾ"

ਅਨੁਸਾਰ ਸ੍ਰੀ ਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਮਾਤਾ ਜੀਵਨ ਕੌਰ ਜੀ ਦੇ ਗ੍ਰਿਹਿ ਵਿਖੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਾਦੁਰਭਾਵ ਹੋਇਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਪਿਛੋਂ ਇਹ ਪਹਿਲਾ ਮੌਕਾ ਸੀ ਕਿ ਸਾਹਿਬਜ਼ਾਦੇ ਦੇ ਪਰਗਟ ਹੋਣ ਦੀ ਖਬਰ ਸੁਣਕੇ ਹਰ ਵਕਤ ਗ਼ਮਗੀਨ ਰਹਿਣ ਵਾਲੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਖੁਸ਼ ਹੋਏ ਅਤੇ ਖੁਸ਼ੀ ਵਿਚ ਹੀ ਬਚਨ ਕੀਤਾ

## "ਪਰਤਾਪ ਸਿੰਘ ਬੜੇ ਪਰਤਾਪ ਵਾਲਾ ਆਇਆ ਏ। ਘਰ ਦਾ ਮਾਲਕ ਆਇਆ ਏ। ਬੜੇ ਪਰਤਾਪ ਵਾਲਾ ਹੋਵੇਗਾ ਇਸ ਦੀ ਛਤ੍ਰ ਛਾਇਆ ਹੇਠ ਸੰਗਤ ਨੂੰ ਬੜੇ ਸੁਖ ਹੋਣਗੇ।"

ਪਰਗਟ ਹੋਏ ਸਤਿਗੁਰ ਪਰਤਾਪ ਸਿੰਘ ਜੀ,
ਜੀਵਨ ਕੌਰ ਮਾਤਾ ਜੀ ਨਿਹਾਲ ਹੋਈ।
ਪੰਡਤ ਆਏ ਵੱਡੇ, ਜਨਮ ਪੱਤਰੀ ਨੂੰ,
ਕਹਿਣ "ਮਾਤਾ ਜੀ" ਗਲ ਕਮਾਲ ਹੋਈ।
ਜਨਮ-ਸਮਾਂ, ਨਛੱਤਰ ਗ੍ਰਹਿ ਦਸਦੇ ਨੇ,
ਰੱਬੀ ਜੋਤ ਘਰ ਤੁਸਾਂ ਦਿਆਲ ਹੋਈ।
ਦੁਨੀਆਂ ਮੰਨੇਗੀ ਨਿਵਣਗੇ ਛੱਤ੍ਰ ਧਾਰੀ,
ਸੰਗਤ ਅੱਜ ਸਾਰੀ ਮਾਲਾ ਮਾਲ ਹੋਈ।
ਨਜ਼ਰ ਆਇਆ ਏ, ਰਾਮ ਤੇ ਸ਼ਾਮ ਸਾਨੂੰ,
"ਵਡ ਪਰਤਾਪੀ" ਕਹਿ ਨਾਮ ਬੁਲਾ ਰਹੇ ਹਾਂ।
ਧੰਨ ਧੰਨ ਸਤਿਗੁਰ ਪਰਤਾਪ ਸਿੰਘ ਜੀ
ਤੇਰੇ ਚਰਨਾਂ ਤੇ ਸੀਸ ਝੁਕਾ ਰਹੇ ਹਾਂ।

(ਸੰਤ ਤੇਜਾ ਸਿੰਘ ਜੀ ਕੰਵਲ)

NO.

DATE

ਸੰਤ ਮਹਿੰਦਰ ਸਿੰਘ ਜੀ 'ਪ੍ਰੀਤ' ਆਪਣੀ ਕਵਿਤਾ
ਅਟੱਲ ਪ੍ਰਤਾਪੀ ਦੀ ਅਮਰ ਕਹਾਣੀ ਵਿੱਚ ਲਿਖਦੇ ਹਨ

ਚੇਤਰ ਸੁਦੀ ਤਿੰਨ, ਬਿਕਰਮੀ ਉੱਨੀ ਸੌ ਸੰਤਾਲੀ ਸੀ।
ਪ੍ਰਗਟਿਆ ਜੀਵਨ ਮਾਂ ਦੀ ਕੁੱਖੋਂ, ਦੀਨ ਦੁਨੀ ਦਾ ਵਾਲੀ ਸੀ।
ਫ਼ੱਕਾ ਮਸਤੀ ਰੰਗ ਲੈ ਆਈ, ਦਿਨ ਵਡਭਾਗਾਂ ਵਾਲਾ ਸੀ।
ਵਾਂਗ ਚੰਦਰਮਾ ਦਿੱਸੇ ਸੁਹਣਾ, ਛੋਟਾ ਜਿਹਾ ਇਕ ਬਾਲ ਸੀ।
ਮਿੱਠੀ ਏਸ ਸੁਣੌਤ ਨੂੰ ਸੁਣਕੇ, ਨਾਮਧਾਰੀਆਂ ਖ਼ੁਸ਼ੀ ਮਨਾਈ।
ਕਰ ਦਰਸ਼ਨ ਪ੍ਰਤਾਪ ਵਾਲੇ ਦਾ ਦਿੱਤੀ ਸਭ ਨੇ ਆਣ ਵਧਾਈ।
ਸੁਣ ਲੌ ਸਾਰੇ ਮਾਈ ਭਾਈ, ਅਟੱਲ ਪ੍ਰਤਾਪ ਦੀ ਅਮਰ ਕਹਾਣੀ।
ਮਹਿਮਾ ਉਸਦੀ ਅਪਰ ਅਪਾਰੰ, ਜਿਸ ਵਿੱਚੋਂ ਇਕ ਝਾਤ ਦਿਖਾਣੀ।

ਭੈਣੀ ਦੇ ਵਿੱਚ ਪ੍ਰਗਟ ਹੋਏ, ਗੁਰੂ ਹਰੀ ਸਿੰਘ ਲਈ ਵਧਾਈ।
ਜੀਵਨ ਮਾਤ ਨੇ ਜੀਵਨ ਦਿੱਤਾ, ਜਗ ਵਿਚ ਹੋਈ ਖ਼ੁਸ਼ੀ ਸਵਾਈ।
ਚਮਕ ਪਏ ਨੇ ਚੰਨ ਤੇ ਤਾਰੇ, ਦੇਵਤਿਆਂ ਮਿਲ ਖ਼ੁਸ਼ੀ ਮਨਾਈ।
ਮੋਰਾਂ ਨੇ ਰਲ ਪੈਲਾਂ ਪਾਈਆਂ, ਇੰਦਰ ਨੇ ਸੀ ਛਹਿਬਰ ਲਾਈ।
ਪੂਰਾ ਹੈ ਪ੍ਰਤਾਪ ਵਾਲਾ ਸਭ ਜੀ ਨੇ ਮਸਤਕ ਦੇਖ ਲੀਆ।
ਮਾਤ ਪਿਤਾ ਤੇ ਸੰਗਤ ਨੇ ਪਰਤਾਪ ਸਿੰਘ ਜੀ ਨਾਮ ਦੀਆ।
ਸੁਣ ਲੌ ਸਾਰੇ ਮਾਈ ਭਾਈ ਅਟੱਲ ਪ੍ਰਤਾਪ ਦੀ ਅਮਰ ਕਹਾਣੀ।
ਮਹਿਮਾ ਉਸਦੀ ਅਪਰ ਅਪਾਰੰ, ਜਿਸ ਵਿੱਚੋਂ ਇਕ ਝਾਤ ਦਿਖਾਣੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਦੇ ਸ਼ੁਭ ਆਗਮਨ ਸਮੇਂ ਜੋ ਸ਼ਬਦ ਉਚਾਰੇ ਸਨ ਉਹ ਇਕ ਤਾਂ ਸਾਹਿਬਜ਼ਾਦੇ ਜੀ ਦੇ ਆਗਮਨ ਦੀ ਖ਼ੁਸ਼ੀ ਪਰਗਟ ਕਰਦੇ ਹਨ ਅਤੇ ਇਕ ਭਵਿਸ਼ ਸਮੇਂ ਲਈ ਸੰਕੇਤ ਸੀ ਕਿ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਪਿਛੋਂ ਉਨ੍ਹਾਂ ਦੀ ਗੱਦੀ ਦੇ ਮਾਲਕ ਇਹ ਸਾਹਿਬਜ਼ਾਦਾ ਜੀ (ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ) ਹੋਣਗੇ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੀ ਦੇਹ ਦਾ ਓਹਲਾ ਜੇਠ ਸੁਦੀ ਦਸਵੀਂ ਸੰਮਤ ੧੯੬੩ (17 ਮਈ ਸੰਨ 1906) ਨੂੰ ਕੀਤਾ। ਆਪ ਜੀ ਦੇ ਨਮਿਤ ਪਾਠਾਂ ਦੇ ਭੋਗ ਨਿਮਾਣੀ ਵਾਲੇ ਦਿਨ ਪਾਏ ਗਏ। ਆਪ ਜੀ ਦੇ ਪਿਛੋਂ ਆਪ ਜੀ ਦੇ ਹੁਕਮ ਅਨੁਸਾਰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਗੁਰ-ਗੱਦੀ ਤੇ ਸੁਸ਼ੋਭਿਤ ਹੋਏ

Sri Satguru Jagjit Singh Ji Elibrary NamdhariElibrary@gmail.com

ਗੁਰੂ ਹਰੀ ਸਿੰਘ ਗੱਦੀ ਦੇ ਕੇ ਸਚ ਖੰਡ ਦੇ ਵੱਲ ਚਾਲੇ ਪਾਏ ।
ਬੈਠ ਗਏ ਪਰਤਾਪ ਹਰੀ ਜੀ, ਸੰਗਤ ਦੇ ਵਿਚ ਆਸਣ ਲਾਏ ।
ਸੁੰਦਰ ਸੁਹਣਾ ਪਿਆਰਾ ਮੁਖੜਾ, ਵੇਖਕੇ ਚੰਦ ਪਿਆ ਸ਼ਰਮਾਏ ।
ਤੇਜ ਅਗੇ ਨਾ ਨਜ਼ਰ ਖਲੋਏ, ਝਾਲ ਨਾ ਉਸਦੀ ਝਲੀ ਜਾਏ ।
ਸੁਣ ਲੌ ਸਾਰੇ ਮਾਈ ਭਾਈ ਅਟੱਲ ਪ੍ਰਤਾਪ ਦੀ ਅਮਰ ਕਹਾਣੀ ।
ਮਹਿਮਾ ਉਸਦੀ ਅਪਰ ਅਪਾਰੀ ਜਿਸ ਵਿਚੋਂ ਇਕ ਝਾਤ ਦਿਖਾਣੀ ।

**ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ** ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪੂਰਾ ਤਾਣ ਲਾ ਕੇ ਪਰਚਾਰ ਕੀਤਾ । ਗੁਰਮਤ ਦਾ ਪਰਚਾਰ ਕਰਦਿਆਂ ਹੋਇਆਂ ਅਤੇ ਅੰਗਰੇਜ਼ੀ ਸਰਕਾਰ ਨਾਲ ਨ ਮਿਲਵਰਤਣ ਜਾਰੀ ਰਖਦਿਆਂ ਹੋਇਆਂ, ਆਪ ਜੀ ਨੇ ਦੇਸ਼ ਦੀ ਆਜ਼ਾਦੀ ਲਈ ਸਹੀ ਮਹਿਣਿਆਂ ਵਿਚ ਲੜਨ ਵਾਲੀ ਕਾਂਗਰੈਸ ਪਾਰਟੀ ਨੂੰ ਪੂਰਾ ਸਹਿਯੋਗ ਦਿੱਤਾ । ਦੇਸ਼ ਸੁਤੰਤ੍ਰ ਹੋਣ ਉਪ੍ਰੰਤ ਦੇਸ਼ ਦੀ ਖੁਸ਼ਹਾਲੀ ਲਈ, ਸਭ ਤੋ ਸ੍ਰੇਸ਼ਟ ਕੰਮ ਆਪ ਜੀ ਨੇ ਹੀ ਕੀਤਾ । ਜ਼ਿਲਾ ਸਿਰਸਾ ਦੀ ਬੰਜਰ ਅਥਵਾ ਬੇਆਬਾਦ ਧਰਤੀ ਨੂੰ ਅਪਣੇ ਸਿਖਾਂ ਰਾਹੀਂ ਸਵਰਗਨੁਮਾ ਧਰਤੀ ਬਣਾ ਦਿੱਤਾ । ਗਊ ਰਖਿਆ ਹਿਤ ਜੋ ਵੀ ਅੰਦੋਲਨ ਛਿੜਿਆ ਉਸਦਾ ਸਾਥ ਦਿੱਤਾ । ਅਪਣੇ ਸਿਖਾਂ ਨੂੰ ਪਾਖੰਡ ਅਤੇ ਫਜ਼ੂਲ ਰਸਮਾਂ ਤੋਂ ਰੋਕਿਆ । ਜੰਞਾਂ ਦੇ ਖਰਚ ਅਤੇ ਵਿਆਹ ਸਮੇਂ ਹੋਰ ਕਈ ਫਜ਼ੂਲ ਖਰਚਾਂ ਤੋਂ ਬਚਣ ਵਾਸਤੇ ਆਪ ਜੀ ਨੇ ਸਿਖਾਂ ਦੇ ਅਨੰਦ ਕਾਰਜ ਸਾਧ ਸੰਗਤ ਦੇ ਮੇਲਿਆਂ ਵਿਚ ਕਰਨੇ ਸ਼ੁਰੂ ਕਰ ਦਿੱਤੇ ।

ਮਿਲਾਪ ਦੇ ਆਪ ਇੰਨੇ ਚਾਹਵਾਨ ਸਨ ਕਿ ਗੁਰੂ ਦੇ ਖਜ਼ਾਨੇ ਵਿਚੋਂ ਖਰਚ ਦੇ ਕੇ ਕਈ ਵਡੀਆਂ ਵਡੀਆਂ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਹਿੰਦੂ-ਸਿੱਖ ਮਿਲਾਪ ਕਾਨਫਰੰਸ, ਸ੍ਰੀ ਗੁਰੂ ਨਾਨਕ ਸਰਬ ਸੰਪਰਦਾਇ ਕਾਨਫ੍ਰੰਸ ਆਦਿ ਡੰਗਰਾਂ ਦੀ ਨਸਲ ਸੁਧਾਰ ਵਿਚ ਆਪ ਸਾਰੇ ਭਾਰਤ ਵਿਚੋਂ ਮੁਖੀ ਸਨ ਰਾਗ ਵਿਦਿਆ ਦੇ ਆਪ ਪਾਤਸ਼ਾਹ ਸਨ । ਆਪ ਜੀ ਨੇ ਕਈ ਸੰਗੀਤ ਸੰਮੇਲਨ ਕਰਵਾਏ ਅਤੇ ਸੰਗੀਤ ਕਾਰਾਂ ਦੇ ਹੌਂਸਲੇ ਵਧਾਏ ।

ਫਰਾਖ ਦਿਲ ਆਪ ਇੰਨੇ ਸਨ ਕਿ ਦਰ ਆਏ ਹਰ ਸਵਾਲੀ ਦੀ, ਚਾਹੇ ਉਹ ਕਿਸੇ ਧਰਮ ਵਾਲਾ ਹੁੰਦਾ, ਚਾਹੇ ਉਹ ਕਿਸੇ ਪਾਰਟੀ ਨਾਲ ਸੰਬੰਧ ਰਖਣ ਵਾਲਾ ਹੁੰਦਾ, ਮੁਨਾਸਬ ਆਰਥਕ, ਸਾਰਥਕ ਜਾਂ ਪ੍ਰਮਾਰਥਕ ਸਹਾਇਤਾ ਕਰਨ ਤੋਂ ਜਰਾ ਵੀ ਸੰਕੋਚ ਨ ਕਰਦੇ ।

Sri Satguru Jagjit Singh Ji Elibrary NamdhariElibrary@gmail.com

## ਰਾਜ ਮਹਿ ਰਾਜੁ



## ਜੋਗ ਮਹਿ ਜੋਗੀ

# ਵਾਹ ਸਤਿਗੁਰੂ ਪਰਤਾਪ ਸਿੰਘ ਜੀ, ਤੇਰੇ ਰੋਜ ਨਿਆਰੇ।
# ਜਿਸ ਪਾਸੇ ਵੀ ਨਜ਼ਰ ਉਠਾਈ, ਕਰ ਦਿੱਤੇ ਉਜਿਆਰੇ।

(ਸ੍ਰ: ਕਰਤਾਰ ਸਿੰਘ ਜੀ ਪੰਛੀ)

ਜਨਮ ਸਮੇਂ ਹੀ ਛੋਟੀ ਸਾਹਿਬੋਂ,
ਘੱਟ ਗਈਆਂ ਸਖਤਾਈਆਂ।
ਜ਼ੁਲਮ ਕਰੇਂਦੇ ਹਾਕਮ ਨੇ ਵੀ,
ਧਾਰ ਲਈਆਂ ਨਰਮਾਈਆਂ।
ਬਚਪਨ ਦੇ ਵਿਚ ਨਾਲ ਹਾਣੀਆਂ,
ਚੋਜੀ ਸਮੇਂ ਗੁਜ਼ਾਰੇ।...

ਅੱਥਰ ਪਸ਼ੂਆਂ, ਜਾਨਵਰਾਂ ਨੂੰ,
ਪਿਆਰ ਨਾਲ ਪੁਚਕਾਰੇਂ।
ਮਾਰ ਪਲਾਕੀ ਕਰੇਂ ਸਵਾਰੀ,
ਬਲ ਤੋਂ ਮੂਲ ਨਾ ਹਾਰੇਂ।
ਮਾਰ ਖੋਰੇ ਵੀ ਥਾਪੀ ਦੇ ਕੇ,
ਬੱਚਿਆਂ ਵਾਂਗ ਸੰਵਾਰੇ।...

ਗਊਆਂ ਨਾਲ ਵੀ ਮੋਹ ਅਣੋਖਾ,
ਨਜ਼ਰਾਂ ਨਾਲ ਨਿਹਾਰਨ।
ਕਿੰਨੀ ਖਿੱਚ ਮੁਹੱਬਤ ਵਾਲੀ,
ਤੁੱਝ ਬਿਨ ਮੂਲ ਨਾ ਮਾਰਨ।
ਸੋਹਣੀਆਂ ਨਸਲਾਂ ਪਾਲ ਪਾਲ ਕੇ,
ਕੀਤੇ ਵਾਰੇ ਨਿਆਰੇ।...

ਗੁਰ ਗੱਦੀ ਦੀਆਂ ਜ਼ੁੰਮੇਵਾਰੀਆਂ,
ਡੱਟ ਕੇ ਖ਼ੂਬ ਨਿਭਾਈਆਂ।
ਕਰੀ ਤਪੱਸਿਆ ਸਿਦਕੀ ਵਾਂਗੂੰ,
ਝੱਲੀਆਂ ਸਭ ਕਠਨਾਈਆਂ।
ਐਪਰ ਨਿੱਡਰ ਹੋ ਕੇ ਵਿਚਰੇ,
ਸ਼ਰਨ ਪਏ ਆ ਸਾਰੇ।...

'ਪੰਡਤ' ਵਰਗੇ ਵਿਦਵਾਨਾਂ ਨੂੰ,
ਹੱਥੀਂ ਆਪ ਸਜਾਇਆ।
ਸੰਗਤਾਂ ਵਿਚ ਪਰਚਾਰ ਕਰਨ ਦਾ,
ਸੋਹਣਾ ਵੱਲ ਸਮਝਾਇਆ।
ਵਿੱਦਿਆ ਦੇ ਇਸ 'ਮਾਰਤੰਡ' ਤੋਂ,
ਨਾਢੂ ਖਾਂ ਵੀ ਹਾਰੇ।...

ਹਵਨ, ਵਰਨੀਆਂ, ਸੁੱਚ ਸੋਧ ਦਾ,
ਵੱਗਦਾ ਜੋ ਪਰਵਾਹ ਹੈ।
ਭਜਨ, ਬੰਦਗੀ, ਸ਼ਬਦ ਕੀਰਤਨ,
ਰੱਬੀ ਵੇਗ ਉਮਾਹ ਹੈ।
ਇਸ ਭਿਆਨਕ ਜੁੱਗ ਦੇ ਅੰਦਰ,
ਸਤਿਜੁਗ ਜਿਹੇ ਨਿਜ਼ਾਰੇ।...

ਕਾਨਫ਼ਰੰਸਾਂ ਅਤੇ ਸੰਮੇਲਨ,
ਸ਼ਾਨ ਨਾਲ ਕਰਵਾਏ।
ਇੱਕ ਦੂਜੇ ਸੰਗ ਮਿਲ ਕੇ ਬੈਠੋ,
ਨਿਰਣੇ ਕਰ ਦਿਖਲਾਏ।
ਖੰਡਨ ਵਾਲੇ ਰਾਹ ਨੂੰ ਛੱਡੋ,
ਮੰਡਨ ਸ਼ਬਦ ਉਚਾਰੇ।...

ਸੰਨ ਸੰਤਾਲੀ ਵਰ੍ਹਦੀ ਅੱਗ 'ਚ,
ਦਿੱਤਾ ਘਰ ਘਰ ਹੋਕਾ।
ਆਪਣਾ ਆਪ ਬਚਾ ਕੇ ਏਧਰ,
ਆ ਜਾਵੋ ਵੇ ਲੋਕਾ।
ਸੱਚ ਹੋਇਆ ਜੋ ਕਿਹਾ ਉਜਾਗਰ,
ਬਚਨਾਂ ਨਾਲ ਉਭਾਰੇ।...

ਬੰਜਰ ਪਈ ਜ਼ਮੀਨ ਖਰੀਦੀ,
ਸਿੱਖਾਂ ਵਿਚ ਵੰਡਾਈ।
ਵੱਡਾ ਇਹ ਉਪਕਾਰ ਕਮਾਇਆ,
ਐਲੰਕਾਰ—ਸੱਚਾਈ।
ਕਰੀ ਗ਼ਰੀਬੀ ਦੂਰ ਸਿੱਖਾਂ ਦੀ,
ਬਣੇ ਅਮੀਰ ਵਿਚਾਰੇ।...

ਮਾਂ ਬੋਲੀ ਪੰਜਾਬੀ ਦੇ ਸਨ,
ਅਸਲੋਂ ਆਪ ਸ਼ੈਦਾਈ।
ਇਸ ਬੋਲੀ ਦੀ ਖ਼ਾਤਰ ਡੱਟ ਕੇ,
ਜਿੰਦੜੀ ਘੋਲ ਘੁਮਾਈ।
'ਸਤਿਜੁਗ' ਰਾਹੀਂ ਇਸ ਬੋਲੀ ਨੇ,
ਔਖੇ ਸਮੇਂ ਗੁਜ਼ਾਰੇ।...

ਦੇਸ਼ ਆਜ਼ਾਦ ਕਰਾਣ ਦੀ ਖ਼ਾਤਰ,
ਸਾਰਾ ਜ਼ੋਰ ਲਗਾਇਆ।
ਗੁਰ ਪਰਵਾਰ ਨੂੰ, ਹੁੰਮਹੁੰਮਾ ਕੇ,
ਇਸ ਪਾਸੇ ਵੱਲ ਲਾਇਆ।
ਦੇਸ਼ ਦੀ ਖ਼ਾਤਰ ਬਿਨਾ ਗ਼ਰਜ਼ ਤੋਂ,
ਸੱਭੇ ਦੁੱਖ ਸਹਾਰੇ।...

ਦੇਸ਼ ਭਗਤ ਤੇ ਸੂਰਮਿਆਂ ਨੂੰ,
ਦਿੱਤੀ ਸ਼ਰਨ ਬਥੇਰੀ।
ਇਹ ਸਨ ਦਿਲ ਗੁਰਦੇ ਦੀਆਂ ਗੱਲਾਂ
ਵੱਡੀ ਬੜੀ ਦਲੇਰੀ।
ਆਪਣੇ ਹੱਥੀਂ ਆਪਣੇ ਰਾਹ ਵਿਚ,
ਕੌਣ ਧਰੇ ਅੰਗਿਆਰੇ ?...

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਸਦਾ ਵਰਤ ਲੰਗਰ ਨੂੰ ਉਸੇ ਤਰਾਂ ਜਾਰੀ ਰੱਖਿਆ। ਇਸ ਲੰਗਰ ਦਾ ਮੁਢ ਭਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬੰਨ੍ਹਿਆ ਸੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਅਤਿ ਕਠਨਾਈਆਂ ਵਿਚ ਵੀ ਜਾਰੀ ਰਖਿਆ ਸੀ ਪਰ ਜਿਹੜੀ ਮਹਾਨਤਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਇਸ ਲੰਗਰ ਨੂੰ ਪ੍ਰਾਪਤ ਹੋਈ ਉਹ ਬੇਮਸਾਲ ਹੈ। ।ਇਥੇ ਹਰ ਪ੍ਰਾਣੀ ਨੂੰ ਭਾਵੇਂ ਉਹ ਕਿਸੇ ਜਾਤ ਦਾ ਹੋਵੇ ਭਾਵੇਂ ਉਹ ਕਿਸੇ ਪਾਰਟੀ ਦਾ ਹੋਵੇ, ਹਰ ਵਕਤ ਭਾਵੇਂ ਦੁਪਹਿਰ ਹੋਵੇ ਜਾਂ ਅੱਧੀ ਰਾਤ ਹੋਵੇ ਪਰਸ਼ਾਦਾ ਰਜਵਾਂ ਮਿਲਦਾ ਹੈ। ਕਾਲ ਹੋਵੇ ਜਾਂ ਅੰਨ ਦੀ ਮਹਿੰਗਾਈ ਹੋਵੇ, ਫਸਲਾਂ ਬਰਸਾਤ ਨਾਲ ਜਾਂ ਹੜ੍ਹਾਂ ਨਾਲ ਤਬਾਹ ਹੋ ਗਈਆਂ ਹੋਣ ਜਾਂ ਟਿਡੀ ਦਲ ਜੀਆਂ ਦੀ ਬਹੁਗਿਣਤੀ ਹੋਵੇ ਪਰਸ਼ਾਦਾ ਸਭ ਨੂੰ ਰਜਵਾਂ ਮੁਫਤ ਮਿਲਦਾ ਹੈ। ਪਾਕਿਸਤਾਨ ਬਣਨ ਸਮੇਂ ਤਾਂ ਹਜ਼ਾਰਾਂ ਸ਼ਰਨਾਰਥੀਆਂ ਨੇ ਏਸ ਲੰਗਰ ਦੀ ਸ਼ਰਣ ਲਈ ਸੀ।ਕਾਲ ਦੇ ਸਮੇਂ ਤਾਂ ਏਸ ਲੰਗਰ ਨੇ ਕਾਲ ਪੀੜਤਾਂ ਦੀ ਰੱਜ ਕੇ ਸੇਵਾ ਕੀਤੀ ਸੀ।

ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਜੀ ਦੇ ਲੰਗਰ ਤੋਂ ਬਿਨਾ ਇਕ ਲੰਗਰ ਸ੍ਰੀ ਜੀਵਨ ਨਗਰ ਵੀ ਚਲਾਇਆ। ਸਤਿਗੁਰੂ ਜੀ ਨੇ ਇਹ ਸਭ ਕੁਝ ਕਿਸੇ ਵਧਾਵੇ, ਮੈਂਬਰੀ ਜਾਂ ਵਡਿਆਈ ਹਾਸਲ ਕਰਨ ਵਾਸਤੇ ਨਹੀਂ ਸੀ ਕੀਤਾ ਸਗੋਂ ਨਿਰੋਲ ਪਰਉਪਕਾਰ ਸਦਕਾ।

ਮਾਨਸਿਕ ਸ਼ਾਂਤੀ ਵਾਸਤੇ ਅਤੇ ਜੀਵਾਂ ਨੂੰ ਅਕਾਲ ਪੁਰਖ ਨਾਲ ਜੋੜਨ ਵਾਸਤੇ ਸ੍ਰੀ ਸਤਿਗੁਰੂ ਜੀ ਨੇ ਨਾਮ ਬਾਣੀ ਦਾ ਵੀ ਲੰਗਰ ਲਾਇਆ ਹੋਇਆ ਸੀ। ਭਜਨ ਦੀਆਂ ਦੋ ਨਿਰੰਤਰ ਵਰਨੀਆਂ ਇਕ ਸ੍ਰੀ ਭੈਣੀ ਸਾਹਿਬ ਬਿਕਰਮੀ ਸੰਮਤ ੧੯੯੦ (ਸੰਨ 1933) ਵਿਚ ਅਤੇ ਇਕ ਸ੍ਰੀ ਜੀਵਨ ਨਗਰ ਬਿਕਰਮੀ ਸੰਮਤ ੨੦੦੪ (ਸੰਨ 1947) ਵਿਚ ਸ਼ੁਰੂ ਕੀਤੀਆਂ। ਇਨ੍ਹਾਂ ਵਰਨੀਆਂ ਤੋਂ ਬਿਨਾਂ ਕਈ ਜਪ ਪ੍ਰਯੋਗ ਕਰਦੇ ਰਹਿੰਦੇ ਕਦੀ ਨਾਮ ਅਥਵਾ ਭਜਨ ਦਾ ਪ੍ਰਯੋਗ ਰਚ ਦਿੰਦੇ, ਕਦੀ ਚੌਪਈ ਦੇ ਪਾਠਾਂ ਦਾ ਕਦੀ ਚੰਡੀ ਦੀ ਵਾਰ ਦੇ ਪਾਠਾਂ ਦਾ, ਕਦੀ ਭਗਉਤੀਆਂ ਦੀਆਂ ਮਾਲਾਂ ਦਾ ਅਤੇ ਕਦੀ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠਾਂ ਦਾ। ਪਰਯੋਗ ਤੋਂ ਬਿਨਾਂ ਵੀ ਕਈ ਲਖ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਪਾਠ ਕਰਵਾਏ ਅਤੇ ਸਭ ਤੋਂ ਉਚ ਜਿਹੜਾ ਘਰ ਘਰ ਨਾਮ ਜਪਿਆ ਜਾਂਦਾ ਹੈ ਅਤੇ ਬਾਣੀ ਪੜ੍ਹੀ ਜਾਂਦੀ ਹੈ ਇਹ ਸਭ ਆਪ ਜੀ ਦੀ ਕਿਰਪਾ ਹੈ। ਇਸੇ ਲਈ ਤਾਂ ਕਹਿਆ ਜਾਂਦਾ ਹੈ :-

## ਸ੍ਰੀ ਸਤਿਗੁਰ ਪਰਤਾਪ ਸਿੰਘ ਜੀ ਜਿਨਾਂ ਕਲਿਜੁਗ ਵਿਚ ਧੁਰ ਸੋਧ ਅਤੇ ਨਾਮ ਬਾਣੀ ਦਾ ਪਰਵਾਹ ਦਿਤਾ ਚਲਾਇ

ਮਹਾਂ ਨੂਰ, ਸਰਬ ਸ਼ਕਤੀਮਾਨ, ਅਕਾਲ ਪੁਰਖ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਜਦੋਂ ਸਚ ਖੰਡ ਜਾਣਾ ਚਾਹਿਆ ਤਾਂ ਕੁਝ ਚਿਰ ਪਹਿਲਾਂ ਹੀ ਅਪਣੇ ਉੱਤਰਾਧਿਕਾਰੀ ਬਾਰੇ ਸਾਧ ਸੰਗਤ ਨੂੰ ਦਸਣਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਸੰਤ ਪ੍ਰੀਤਮ ਸਿੰਘ ਜੀ ਕਵੀ ਲਿਖਦੇ ਹਨ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ੨੭ ਵੈਸਾਖ ਸੰਮਤ ੨੦੧੬ (8 ਮਈ ਸੰਨ 1959) ਨੂੰ ਸ੍ਰੀ ਜੀਵਨ ਨਗਰ, ਘੱਘਰ ਨਾਲੀ ਤੇ ਸਾਫ ਹੁੰਦੇ ਖਾਲ ਤੇ ਕੰਮ ਕਰਦਿਆਂ ਸਭ ਨੂੰ ਇਕੱਠਿਆਂ ਕਰ ਕੇ ਕਹਿਆ ਸੀ :-

ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾਂ ਕਦੋਂ ਨ ਆਵਾਂ ਹੁਣ ਤੋਂ ਏਥੇ ਵਡੇ ਕਾਕੇ ਨੇ ਰਹਿਣਾ ਹੈ ਜਿਸ ਦੀ ਉਸ ਨਾਲ ਬਣਦੀ ਹੈ ਉਹ ਰਹੇ ਜਾਂ ਜਿਸ ਬਣਾ ਕੇ ਰਖਣੀ ਹੈ। ਜਿਸ ਉਹਦੇ ਆਖੇ ਨਹੀਂ ਲਗ ਸਕਣਾ ਉਹ ਬੇਸ਼ਕ ਬਿਸਤਰਾ ਗੋਲ ਕਰ ਲਏ ਸਾਡੀ ਉਸ ਤੇ ਖੁਸ਼ੀ ਹੀ ਹੋਵੇਗੀ।

**ਹੁਣ ਸਾਰੇ ਅਖਤਿਆਰ ਵਡੇ ਕਾਕੇ ਹੀ ਪਾਸ ਹੋਣੇ ਹਨ**

ਇਸੇ ਤਰਾਂ ਸ੍ਰੀ ਸਤਿਗੁਰੂ ਜੀ ਦੀ ਕਾਰ ਵਿਚ ਬੈਠਿਆਂ ਸ੍ਰ. ਕੇਹਰ ਸਿੰਘ ਮਾਨ ਜੀ ਨੇ ਅਰਜ਼ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ ਆਪ ਜੀ ਦੀ ਦੇਹ ਵਲੋਂ ਚਿੰਤਾ ਹੁੰਦੀ ਹੈ, ਪੰਥ ਨੂੰ ਅਜੇ ਆਪ ਦੀ ਬਹੁਤ ਲੋੜ ਹੈ। ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ

"ਮੈਨੂੰ ਕੋਈ ਚਿੰਤਾ ਨਹੀਂ ਕਿਉਂਕਿ ਵੱਡਾ ਕਾਕਾ ਪੰਥ ਦੀ ਸੰਭਾਲ ਜੋਗਾ ਸਮਰੱਥ ਹੈ"

ਮੰਡੀ (ਹਿਮਾਚਲ ਪ੍ਰਦੇਸ਼) ਦੇ ਆਖਰੀ ਦੌਰੇ ਸਮੇਂ ਜਦੋਂ
ਸੰਤ ਇੰਦ੍ਰ ਸਿੰਘ ਜੀ ਨੇ ਸੱਚੇ ਪਾਤਸ਼ਾਹ ਜੀ ਅਗੇ ਅਰਜ਼ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ ! ਮੇਰੀ ਅਰਦਾਸ ਹੈ ਕਿ ਆਪ ਹਜ਼ਾਰ ਸਾਲ ਸਾਨੂੰ ਦਰਸ਼ਨ ਦੇਂਦੇ ਰਹੋ ਅਤੇ ਇੱਕ-ਇੱਕ ਸਾਲ ਦੇ ਦਿਨ ਹਜ਼ਾਰ-ਹਜ਼ਾਰ ਹੀ ਹੋਣ " ਪਰ "
ਅੰਤ੍ਰਜਾਮੀ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ " ਅਸਾਂ ਗੱਲ ਸਮਝ ਲਈ ਹੈ ਇਸਦਾ ਫੈਸਲਾ ਤੇ ਅਸੀਂ ਜੀਵਨ ਨਗਰ ਤੋਂ ਤੁਰਨ ਸਮੇਂ ਹੀ ਕਰ ਆਏ ਹਾਂ "

ਸ੍ਰੀ ਭੈਣੀ ਸਾਹਿਬ ਜਦੋਂ ਆਪ ਜੀ ਦਾ ਸਰੀਰ ਬਹੁਤ ਢਿੱਲਾ ਸੀ ਅਤੇ ਮੰਜੇ ਉੱਤੇ ਮਹਾਰਾਜ ਬੀਰ ਸਿੰਘ ਜੀ ਨਾਲ ਢਾਸਨਾ ਲਾਈ ਬੈਠੇ ਸਨ, ਆਪ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਜਗਜੀਤ ਸਿੰਘ ਜੀ ਨੂੰ ਬੁਲਵਾਇਆ ਅਤੇ ਉਨ੍ਹਾਂ ਨੂੰ ਕੋਲ ਪਈ ਚੌਂਕੀ ਉੱਤੇ ਬਹਾ ਕੇ ਹੁਕਮ ਕੀਤਾ " ਕਾਕਾ, ਤੁਸਾਂ ਪਾਠ, ਸਤਿਗੁਰੂ ਰਾਮ ਸਿੰਘ ਜੀ ਦੇ ਨਮਿੱਤ ਅਰੰਭੇ, ਜ਼ਰੂਰ ਸਿਰੇ ਚਾੜ੍ਹਨੇ ਭਾਵੇਂ ਕੋਠਿਆਂ ਦੀਆਂ ਕੜੀਆਂ ਵੀ ਵਿਕ ਜਾਣ । ਗਊ ਮੱਝ ਘੋੜੇ ਪੁੱਜਦੇ ਰੱਖਣੇ ਤੇ ਵੱਡਾ ਭਾਰਾ ਹੌਸਲਾ ਕਰਕੇ ਰਹਿਣਾ ਤੁਹਾਡੇ ਤੇ ਬੜੇ ਭਾਰ ਹਨ । "

ਜਦੋਂ ਵੱਡੇ ਬਾਬਾ ਜੀ, ਇਹ ਬਚਨ ਸੁਣ ਕੇ ਡੋਲਦੇ ਮਨ ਨਾਲ ਸ੍ਰੀ ਸਤਿਗੁਰੂ ਜੀ ਨੂੰ ਸਿਰ ਝੁਕਾ ਕੇ ਵੈਰਾਗੀ ਹਾਲਤ ਵਿਚ ਬਾਹਰ ਆਏ ਤਾਂ ਸ੍ਰੀ ਸਤਿਗੁਰੂ ਜੀ ਨੇ ਛੋਟੇ ਬਾਬਾ ਜੀ ਨੂੰ ਸੰਬੋਧਨ ਕਰਕੇ ਕਿਹਾ
ਕਾਕੇ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਉਸਦੇ ਸਿਰ ਉੱਤੇ ਬੜੀਆਂ ਜ਼ਿੰਮੇਵਾਰੀਆਂ ਪੈਣੀਆਂ ਹਨ

ਪਹਿਲਾਂ ਅੰਗਰੇਜ਼ੀ ਸਰਕਾਰ ਅਤੇ ਭਾਰਤ ਸੁਤੰਤਰ ਹੋਣ ਪਿਛੋਂ ਭਾਰਤੀ ਸਰਕਾਰ ਆਪ ਜੀ ਦਾ ਜੱਸ ਨ ਸਹਾਰਦਿਆਂ ਹੋਇਆਂ, ਆਪ ਜੀ ਨੂੰ ਨਾਜਾਇਜ਼ ਤੰਗ ਕਰਦੀਆਂ ਰਹੀਆਂ। ਜਦੋਂ ਸਰਸਾ ਦੇ ਕੋਲ ਖਰੀਦੀ ਹੋਈ ਜ਼ਮੀਨ ਦੀ ਵੰਡ ਹੋਈ ਤਾਂ ਕਈ ਸੁਆਰਥੀ ਸੰਤੁਸ਼ਟ ਨ ਹੋਏ। ਉਨ੍ਹਾਂ ਰਾਜ ਨੀਤਕ ਆਗੂਆਂ ਦੇ ਉਕਸਾਉਣ ਤੇ ਮੁਕੱਦਮੇ ਕਰ ਦਿੱਤੇ। ਇਕ ਮੁਕੱਦਮੇ ਦੀ ਸੁਣਵਾਈ ਵਾਸਤੇ ੨੪ ਅਗਸਤ ਸੰਨ ੧੯੫੯ (24-8-1959) ਨੂੰ ਆਪ ਜੀ ਨੂੰ ਕਚਹਿਰੀ ਜਾਣ ਵਾਸਤੇ ਸੰਮਨ ਆ ਚੁਕੇ ਸਨ। ਆਪ ਜੀ ਇਨ੍ਹਾਂ ਕਚਹਿਰੀਆਂ ਵਿਚ ਜਿਥੇ ਝੂਠ ਅਤੇ ਰਿਸ਼ਵਤਖੋਰੀ ਚਲਦੀ ਹੋਵੇ, ਜਿਥੇ ਧੜੇ ਬਾਜ਼ੀ ਜਾਂ ਪਾਰਟੀ ਬਾਜ਼ੀ ਚਲਦੀ ਹੋਵੇ ਜਾਣਾ ਪਸੰਦ ਨਹੀਂ ਸਨ ਕਰਦੇ। ਆਪ ਜੀ ਅਪਣੇ ਪ੍ਰਣ ਖਾਤਰ, ਅਪਣੀ ਇੱਛਾ ਅਨੁਸਾਰ ਕਚਹਿਰੀ ਦੀ ਤਾਰੀਕ ਦੇ ਆਉਣ ਤੋਂ ਪਹਿਲਾਂ ਹੀ ੨੧-੨੨ ਅਗਸਤ ਸੰਨ ੧੯੫੯ (੫-੬ ਭਾਦਰੋਂ ਸੰਮਤ ੨੦੧੬) ਦੀ ਵਿਚਲੀ ਰਾਤ ਦੇ ਤਕਰੀਬਨ ੧੨ ਵਜੇ ਜੋਤੀ ਜੋਤ ਸਮਾ ਗਏ।

੨੨ ਅਗਸਤ ਨੂੰ ਸਤਿਗੁਰ ਜੀ ਦੇ ਸਚ ਖੰਡ ਪਧਾਰ ਜਾਣ ਦੀ ਖਬਰ ਸੁਣਦਿਆਂ ਸਾਰ ਜਿਥੇ ਕਿਥੇ ਵੀ ਆਪ ਜੀ ਦੇ ਸਿਖ ਅਥਵਾ ਪ੍ਰੇਮੀ ਸਨ ਸਭ ਥਾਈਂ ਸੋਗ ਸਫਾਂ ਵਿਛ ਗਈਆਂ

ਦਿਲ ਰੋਂਦਾ ਤੇ ਅਖਾਂ ਰੋਵਨ, ਹੰਝੂ ਰੋ ਰੋ ਵਗਦੇ।
ਪਿਆਰ ਰੋਵੇ ਤੇ ਯਾਦਾਂ ਚਿਲਕਣ ਜਿਉਂ ਅੰਗਿਆਰੇ ਮਘਦੇ।
ਗਗਨ, ਪਤਾਲ, ਪਸ਼ੂ ਕੀ ਪੰਛੀ ਡੁਲ੍ਹ ਡੁਲ੍ਹ ਪੈਂਦੇ ਸਾਰੇ।
ਕਿਧਰ ਗਿਓਂ ਪ੍ਰੀਆ ਰੋਂਦਿਆਂ ਛੱਡਕੇ, ਨੈਣੋਂ ਫਿਰਨੋਂ ਪਏ ਲਭਦੇ।

(ਸੰਤ ਧਨਬੀਰ ਸਿੰਘ ਜੀ ਵਿਲੋਂ)

ਮਹੀਨਾ ਭਾਦਰੋਂ ਦਾ ਸੀ ਆਇਆ, ਭੈਣੀ ਸਾਹਿਬ ਜੱਗ ਰਚਾਇਆ।
'ਸਤਿਜੁਗ' ਰਾਹੀਂ ਇਹ ਸੰਦੇਸ਼, ਪਹੁੰਚਾ ਘਰ ਘਰ ਦੇਸ ਬਦੇਸ਼।
ਸਾਰੇ ਰਲ ਮਿਲ ਏਥੇ ਆਵੋ, ਸਤਿਗੁਰ ਜੀ ਦੀ ਯਾਦ ਮਨਾਵੋ।
ਟੁਰ ਪਏ ਕਈ ਕਰਨ ਲਈ ਦਰਸ਼ਨ, ਮਾਥੇ ਧੂੜ ਲਗੇ ਹਰਿ ਚਰਨਨ।
ਮਨ ਵਿਚ ਹੋਰ ਤੇ ਹੋ ਗਈ ਹੋਰ, ਜਿਸ ਅੱਗੇ ਨ ਕਿਸੇ ਦਾ ਜ਼ੋਰ।
**ਪੰਜ ਛੇ ਦੀ ਅੱਧੀ ਰਾਤ, ਮੁਕ ਗਈ ਖੁਸ਼ੀਆਂ ਦੀ ਪਰਭਾਤ।**

(ਸੰਤ ਇਕਬਾਲ ਸਿੰਘ ਜੀ ਮਨਚੰਦ

ਅੱਜ ਤੇਰੀ ਜੁਦਾਈ ਦੇ ਤੀਰ ਖਾਕੇ, ਪਸ਼ੂ ਪੰਛੀ ਮਨੁਖ ਵੀ ਰੋ ਰਹੇ ਨੇ।
ਤੇਰੀ ਛਤਰ ਛਾਇਆ ਹੇਠ ਸੇਵਕਾਂ ਨੇ ਜਿਹੜੇ ਮਾਣੇ ਉਹ ਸੁਖ ਵੀ ਰੋ ਰਹੇ ਨੇ।
ਜੀਵਨ ਤੇਰਾ ਆਦਰਸ਼ ਸੀ ਜਗ ਤਾਈਂ, ਵਿਚੋਂ ਤੇਰੇ ਬੇਮੁਖ ਵੀ ਰੋ ਰਹੇ ਨੇ।
ਬਚੇ ਬੁਢੇ ਨਰ ਨਾਰ ਤੇ ਇਕ ਪਾਸੇ ਤੇਰੇ ਜਾਣ ਤੇ ਰੁਖ ਵੀ ਰੋ ਰਹੇ ਨੇ।

(ਸੂ: ਊਧਮ ਸਿੰਘ ਜੀ ਆਜਿਜ਼

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਰੀਰਕ ਵਿਛੋੜੇ ਦਾ
ਗਮ ਕੁਦਰਤੀ ਤੌਰ ਤੇ ਹੋਣਾ ਹੀ ਸੀ ਪਰ ਫਿਰ ਵੀ ਸ਼ੁਕਰ ਹੈ ਕਿ ਸਤਿਗੁਰੂ ਜੀ ਅਪਣੇ
ਪਰਉਪਕਾਰੀ ਸੁਭਾਓ ਅਨੁਸਾਰ ਜਾਂਦਿਆਂ ਹੋਇਆਂ ਵੀ ਸਾਡੇ ਤੇ ਉਪਕਾਰ ਕਰਕੇ
ਮਾਸਟਰ ਅਜੀਤ ਸਿੰਘ ਜੀ "ਗੰਮ" ਦੀ ਕਲਮ ਰਾਹੀ ਇਹ ਸੰਦੇਸ਼ ਦੇ ਗਏ ਸਨ

## ਏਸ ਦੇਹ ਨੇ ਤੁਸਾਂ ਨੂੰ ਲਭਣਾ ਨਹੀਂ
## ਤੜਪ ਤੜਪ ਨਾ ਜਾਨ ਗੁਆ ਲੈਣਾ
## ਜਿਨੂੰ ਮੇਰੇ ਦੀਦਾਰ ਦੀ ਲੋੜ ਹੋਵੇ
## "ਗੰਮ" ਦਰਸ਼ **ਜਗਜੀਤ** ਦਾ ਪਾ ਲੈਣਾ

ਏਧਰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਰੀਰ ਛਡਣ ਦੀ ਦੇਰ ਸੀ ਕਿ ਉਨ੍ਹਾਂ ਵਿਚ ਜਗਮਗਾਉਣ ਵਾਲੀ ਅਕਾਲ ਪੁਰਖ ਦੀ ਜੋਤ ਤਤਛਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਰੀਰ ਵਿਚ ਪ੍ਰਵੇਸ਼ ਕਰ ਗਈ

ਜੀਵਨ ਨਗਰ ਤੋਂ ਮੰਡੀ ਨੂੰ ਤੁਰਨ ਲੱਗਿਆਂ, ਕੀਤਾ ਇਹ ਫੁਰਮਾਨ ਪ੍ਰਤਾਪ ਸਤਿਗੁਰ ।
ਡੇਰੇ ਰਹੇ ਹੁਕਮ ਏਹਦਾ ਮੰਨਣਾ ਜਿਸ, ਕਿਹਾ ਭਾਨ ਪ੍ਰਮਾਨ ਅਲਾਪ ਸਤਿਗੁਰ ।
ਨੌ ਨਿੱਧੀਆਂ ਤੇ ਮਾਲਕ ਸਿੱਧੀਆਂ ਦਾ, ਦਿਤਾ ਆਪ ਭਗਵਾਨ ਸੀ ਥਾਪ ਸਤਿਗੁਰ ।
ਵਾਲੀ ਪੰਥ ਦਾ ਤੇ ਜ਼ਿਮੇਂਵਾਰ ਘਰ ਦਾ, ਸਭਨਾ ਮਾਨ ਸਨਮਾਨ ਸੁਖ ਜਾਪ ਸਤਿਗੁਰ ।
ਔਂਦੀ ਭਾਵੀ ਨੂੰ ਕੋਈ ਨ ਲਖ ਸਕਿਆ, ਸਮਝੀ ਰਮਜ਼ ਅਸਾਂ ਧਰਮ ਧਜਦੀ ਨਹੀਂ ।
ਰੱਖੀ ਜੋਤ "ਪਰਵਾਨ" ਜਗਜੀਤ ਗੁਰ ਵਿਚ, ਜੋਤ ਬਦਲਦੀ ਏ ਜੋਤ ਬੁੱਝਦੀ ਨਹੀਂ ।

(ਸੰਤ ਹਰਭਜਨ ਸਿੰਘ ਜੀ "ਪਰਵਾਨ"

ਜਿਹੜੀ ਰੀਤ ਗੁਰਿਆਈ ਦੀ ਤੁਰੀ ਆਈ, ਸੰਕਟ ਸਮੇਂ ਸੰਭਾਲੀ ਪ੍ਰਤਾਪ ਸਤਿਗੁਰ ।
ਹੋਮ-ਜੱਗ ਪੂਜਾ, ਪਾਠ ਵਰਨੀਆਂ ਤੇ ਜਪਿਆ ਨਾਮ ਜਪਾਇਆ ਜਾਪ ਸਤਿਗੁਰ ।
ਸਮਾਂ ਠੀਕ, ਡਿੱਠਾ ਨਜ਼ਦੀਕ ਸਮਾਂ ਉਸੇ ਵਕਤ ਸਾਰੀ ਲੋੜ ਭਾਂਪ ਸਤਿਗੁਰ ।
ਜ਼ੁੰਮੇਵਾਰੀਆਂ ਭਾਰੀਆਂ ਸਾਰੀਆਂ ਲਾਈ, ਵੱਡੇ ਪੁੱਤ ਨੂੰ ਥਾਪਿਆ ਆਪ ਸਤਿਗੁਰ ।
**ਨੂਰ ਬਖਸ਼ ਦਿੱਤਾ, ਆਪ ਜਿਹਾ ਕੀਤਾ, ਰੀਸ ਕਰ ਸਕੇ ਕੋਈ ਤੁੜਦੀ ਨਹੀਂ ।**
**ਸਾਖਸ਼ਾਤ ਪਰਤੱਖ ਸਬੂਤ ਦਿੱਤਾ, ਜੋਤੀ ਬਦਲਦੀ ਹੈ ਜੋਤ ਬੁੱਝਦੀ ਨਹੀਂ ।**

( ਸੰਤ ਸੰਤੋਖ ਸਿੰਘ ਜੀ ਸਾਜਨ )

Sri Satguru Jagjit Singh Ji Elibrary NamdhariElibrary@gmail.com

# ਨੂਰੀ ਜੋਤ

ਜਿਵੇਂ ਬਾਲ ਚਾਦਨ ਔ ਰਾਮ ਕ੍ਰਿਸ਼ਨ ਵਾਲੀ ਜੋਤ
ਗੁਰੂ ਨਾਨਕ ਨਿਰੰਕਾਰੀ 'ਚ ਸਮਾਣੀ ਆਨ

ਨਾਨਕ ਤੋਂ ਅੰਗਦ, ਅਮਰ, ਰਾਮ ਦਾਸ ਆਦਿ
ਗੁਰੂ ਸਾਹਿਬਾਂ ਵਿਚ ਉਹੋ ਜੋਤ ਰੁਸ਼ਨਾਈ ਆਨ

ਫਿਰ ਦਸਮੇਸ਼ ਗੁਰੂ ਬਾਲਕ ਦੇ ਪ੍ਰਵੇਸ਼ ਕਰਿ
ਜੋਤ ਗੁਰੂ ਰਾਮ ਸਿੰਘ ਵਿਚ ਦਰਸਾਈ ਆਨ

ਤਿਵੇਂ ਹਰੀ ਗੁਰ ਪ੍ਰਤਾਪ ਵਾਲੀ ਜੋਤ ਨੂਰੀ
ਗੁਰੂ ਜਗਜੀਤ ਵਿਚ ਉਹੋ ਪ੍ਰਗਟਾਈ ਆਨ

(ਸੰਤ ਆਤਮਾ ਸਿੰਘ ਜੀ ਮਨਖਤਰ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਚ ਖੰਡ ਪਧਾਰ ਜਾਣ ਦੀ ਖਬਰ ਸੁਣ ਕੇ ਜਿਥੇ ਨਾਮਧਾਰੀ ਸਿਖਾਂ ਨੂੰ ਬਹੁਤ ਦੁਖ ਹੋਇਆ ਉਥੇ ਦੇਸ਼ ਬਦੇਸ਼ ਦੇ ਹੋਰ ਪ੍ਰੇਮੀਆਂ ਨੇ ਵੀ ਸਤਿਗੁਰੂ ਜੀ ਦੇ ਮਹਾਨ ਗੁਣਾਂ ਨੂੰ ਯਾਦ ਕਰ ਕੇ ਦੁਖ ਮਨਾਇਆ। ਕਈ ਪਰੇਮੀ ਤਾਂ ਉਸੇ ਵਕਤ ਸ੍ਰੀ ਸਤਿਗੁਰੂ ਜੀ ਦੇ ਸਰੀਰ ਦੇ ਅੰਤਮ ਦਰਸ਼ਨ ਕਰਨ ਲਈ ਸ੍ਰੀ ਭੈਣੀ ਸਾਹਿਬ ਲਈ ਚਲ ਪਏ। ਸਤਿਗੁਰੂ ਜੀ ਦਾ ਦੇਹ-ਸਸਕਾਰ 22 ਅਗਸਤ ਨੂੰ ਸ਼ਾਮ ਦੇ ਛੇ ਵਜੇ ਕੀਤਾ ਗਿਆ ਅਤੇ ਇਸੇ ਦਿਨ ਹੀ ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ਰਾਹੀਂ ਐਲਾਨ ਕੀਤਾ ਗਿਆ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਉਨ੍ਹਾਂ ਦੇ ਉੱਤ੍ਰਾਧਿਕਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੋਣਗੇ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਮਿਤ ਪਾਠਾਂ ਦੇ ਭੋਗ 25 ਭਾਦਰੋਂ ਸੰਮਤ 2016 (10 ਸਤੰਬਰ ਸੰਨ 1959) ਨੂੰ ਪਾਏ ਗਏ ਅਤੇ ਇਸ ਦੇ ਪਿਛੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦਸਤਾਰ ਬੰਦੀ ਸਮਾਗਮ ਹੋਇਆ। ਦਸਤਾਰਾਂ ਤਾਂ ਅਨੇਕ ਹੀ ਸੰਸਥਾਵਾਂ ਦੇ ਮੁਖੀਆਂ ਵਲੋਂ ਪੰਚਾਇਤਾਂ ਦੇ ਮੁਖੀਆਂ ਵਲੋਂ, ਪਤਿਸ਼ਟ ਅਤੇ ਉਚੇਰੀਆਂ ਵਿਅਕਤੀਆਂ ਵਲੋਂ ਆਇਆਂ ਸਨ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੁਹ ਪੰਥ ਵਲੋਂ ਭੇਟ ਕੀਤੀ ਗਈ ਦਸਤਾਰ ਹੀ ਸੀਸ ਤੇ ਸਜਾਈ। ਦਸਤਾਰ ਸਜਾ ਚੁਕਣ ਤੋਂ ਬਾਦ, ਸਟੇਜ ਸੈਕਟਰੀ ਸੰਤ ਇੰਦ੍ਰ ਸਿੰਘ ਜੀ ਦੇ ਅਰਜ਼ ਕਰਨ ਤੇ ਸਤਿਗੁਰੂ ਜੀ ਨੇ ਅਪਣੇ ਆਸਣ ਉਤੇ ਹੀ ਖਲੋ ਕੇ ਸਾਰੀ ਸੰਗਤ ਨੂੰ ਦਰਸ਼ਨ ਦਿਤੇ ਅਤੇ ਇਸ ਦੇ ਪਿਛੋਂ ਸ਼ਰਧਾਂਜਲੀ ਸਮਾਗਮ ਸ਼ੁਰੂ ਹੋਇਆ



**ਦਸਤਾਰ ਬੰਦੀ 10 ਸਤੰਬਰ 1959**
ਸਤਿਗੁਰੂ ਜੀ ਆਪਣੇ ਸੀਸ ਤੇ ਪੰਥ ਵਲੋਂ ਭੇਟਾ ਕੀਤੀ ਦਸਤਾਰ ਸਜਾ ਰਹੇ ਹਨ, ਨਾਲ ਹਨ ਸੰਤ ਇੰਦਰ ਸਿੰਘ ਚਕਰਵਰਤੀ, ਸ੍ਰੀ ਮਹਾਰਾਜ ਚਰਨ ਸਿੰਘ ਰਾਧਾ ਸੁਆਮੀ (ਬਿਆਸ), ਸ੍ਰੀ ਮਹਾਰਾਜ ਕ੍ਰਿਪਾਲ ਸਿੰਘ ਰਾਧਾ ਸੁਆਮੀ ਦਿਲੀ ਅਤੇ ਨਿਰਮਲੇ ਮਹਾਂ ਪੁਰਖ।



ਦਸਤਾਰ ਬੰਦੀ ਤੋਂ ਬਾਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗਤ ਨੂੰ ਦਰਸ਼ਨ ਦੇ ਰਹੇ ਹਨ

Sri Satguru Jagjit Singh Ji Elibrary NamdhariElibrary@gmail.com

# ਸਜਣੁ ਮੈਡਾ ਚਾਈਆ ਹਭ ਕਹੀ ਦਾਮਿਤੁ ।
# ਹਭੇ ਜਾਣਨਿ ਆਪਣਾ ਕਹੀ ਨ ਠਾਹੇਚਿਤੁ ।

ਅਸੀਂ ਨਾਮਧਾਰੀ ਤਾਂ ਸਮਝਦੇ ਸਾਂ ਕਿ ਸਤਿਗੁਰੂ ਜੀ ਸਿਰਫ ਨਾਮਧਾਰੀਆਂ ਦੇ ਹੀ ਗੁਰੂ ਸਨ ਪਰ ਸਤਿਗੁਰੂ ਜੀ ਦੇ ਭੋਗ ਤੇ ਪਹੁੰਚਣ ਵਾਲੀ ਅਣਗਿਣਤ ਸੰਗਤ ਤੋਂ ਪਤਾ ਲਗਾ ਸੀ ਕਿ ਇਹ ਤਾਂ ਇਕ ਭੁਲੇਖਾ ਸੀ। ਉਥੇ ਤਾਂ ਨਾਮਧਾਰੀਆਂ ਤੋਂ ਬਿਨਾ ਵੀ ਸਾਰੇ ਧਰਮਾਂ ਦੇ ਲੋਕ ਪੁਜੇ ਹੋਏ ਸਨ। ਧਾਰਮਕ ਆਗੂਆਂ ਤੋਂ ਬਿਨਾਂ ਰਾਜਸੀ ਲੀਡਰ ਅਤੇ ਸਮਾਜਕ ਲੀਡਰ ਵੀ ਆਏ ਸਨ। ਅਖਬਾਰਾਂ ਦੇ ਪ੍ਰਤਿਨਿਧ, ਰਾਜੇ, ਪੰਜਾਬ ਸਰਕਾਰ ਦੇ ਵਜ਼ੀਰ, ਕੇਂਦਰੀ ਵਜ਼ੀਰ, ਵਡੇ ਵਡੇ ਸਰਕਾਰੀ ਅਧਿਕਾਰੀ ਅਤੇ ਹੋਰ ਅਣਗਿਣਤ ਉਚ ਵਿਅਕਤਾਈਆਂ ਆਈਆਂ ਸਨ। ਸ਼ਰਧਾਂਜਲੀ ਸਮਾਗਮ ਵਿਚ ਸਭ ਬੁਲਾਰਿਆਂ ਨੇ ਆਪਣੇ ਆਪਣੇ ਢੰਗ ਨਾਲ ਜਿਥੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਭ ਨਾਲ ਪਿਆਰ ਕਰਨ ਦੀ ਅਤੇ ਉਨ੍ਹਾਂ ਦੇ ਅਣਗਿਣਤ ਉਪਕਾਰਾਂ ਦੀ ਪਸੰਸਾ ਕੀਤੀ ਸੀ ਉਥੇ ਉਨ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਬੇਨਤੀ ਕੀਤੀ ਕਿ ਆਪ ਜੀ ਅਪਣੇ ਪਿਤਾ ਸਤਿਗੁਰੂ ਵਾਂਙੂ ਅਗੇ ਲਗ ਕੇ ਦੇਸ ਅਤੇ ਕੌਮ ਦੀ ਸੇਵਾ ਕਰਦੇ ਰਹਿਣ

## ਕੁਝ ਸ਼ਰਧਾਂਜਲੀਆਂ

ਭੇਟ ਕੀਤੀਆਂ ਗਈਆਂ ਸਰਧਾਜਲੀਆਂ ਵਿਚੋਂ ਕੁਝ ਕੁ ਸੰਖੇਪ ਵਿਚ ਇਥੇ ਲਿਖਦਾ ਹਾਂ

ਗਿਆਨੀ ਕਰਤਾਰ ਸਿੰਘ ਜੀ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਹਿਆ ਸੀ ਕਿ ਮੈਨੂੰ ਇਸ ਗਲ ਦਾ ਇਲਮ ਨਹੀਂ ਕਿ ਜਦੋਂ ਮਹਾਰਾਜ ਹਰੀ ਸਿੰਘ ਜੀ ਦੀ ਗੱਦੀ ਦਾ ਸਮਾਂ ਸੀ ਉਦੋਂ ਲੋਕੀ ਏਨੀਆਂ ਮਤਾਂ ਦੇ ਇਕਠੇ ਹੋਏ ਜਾਂ ਨਹੀਂ ਪਰ ਜਾਪਦਾ ਹੈ ਅੰਗਰੇਜ਼ ਰਾਜ ਦੇ ਪਰਭਾਵ ਕਰਕੇ ਏਨੀ ਤਰਾਂ ਦੇ ਲੋਕ ਇਕਠੇ ਨਹੀਂ ਹੋ ਸਕੇ ਹੋਣੇ। ਪਰੰਤੂ ਅੱਜ ਮਹਾਰਾਜ ਜਗਜੀਤ ਸਿੰਘ ਜੀ ਦੀ ਗੱਦੀ ਦੇ ਸਮੇ ਸਾਰੇ ਪੰਥ ਦੇ ਅੰਗ ਇਕੱਠੇ ਹੋਏ ਹਨ ਤੇ ਹੋਰ ਪੰਜਾਬੀ ਵੀ। ਇਸ ਲਈ ਇਹਨਾਂ ਤੇ ਹੋਰ ਵੀ ਜਿਮੇਵਾਰੀ ਆ ਗਈ ਹੈ ਮੈਂ ਆਸ ਕਰਦਾ ਹਾਂ ਕਿ ਇਹ ਇਸ ਅਗਵਾਈ ਲਈ ਜਤਨ ਸ਼ੀਲ ਹੋਣਗੇ

ਪਟਿਆਲੇ ਦੇ ਮਹਾਰਾਜ ਯਾਦਵਿੰਦਰ ਸਿੰਘ ਜੀ ਨੇ ਕਿਹਾ ਸੀ ਕਿ ਮੈਂ ਬਾਬਾ ਪਰਤਾਪ ਸਿੰਘ ਜੀ ਦੀ ਗੱਦੀ ਤੇ ਬੈਠੇ ਉਹਨਾਂ ਦੇ ਸਪਤ੍ਰ ਬਾਬਾ ਜਗਜੀਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਅਤੇ ਕਹਿੰਦਾ ਹਾਂ ਕਿ ਜਿਵੇਂ ਉਹਨਾਂ ਦੇ ਪਿਤਾ ਨੇ ਡਟ ਕੇ ਪੰਥ ਦੀ ਸੇਵਾ ਕੀਤੀ ਹੈ ਉਸੇ ਤਰਾਂ ਤੁਸੀਂ ਵੀ ਡਟ ਕੇ ਸੇਵਾ ਕਰੋ

ਸਮੇਂ ਦੇ ਸ਼ਰੋਮਣੀ ਅਕਾਲੀ ਦਲ ਦੇ ਪਰਧਾਨ ਮਾਸਟਰ ਤਾਰਾ ਸਿੰਘ ਜੀ ਨੇ ਅਪਣੀ ਸ਼ਰਧਾਂਜਲੀ ਵਿਚ ਕਿਹਾ ਸੀ ਕਿ ਬਾਬਾ ਪਰਤਾਪ ਸਿੰਘ ਜੀ ਨੇ ਬੜੇ ਨਾਜ਼ਕ ਸਮੇ ਸਿਖ ਪੰਥ ਨੂੰ ਜਗਾਇਆ ਸੀ । ਮੈਂ ਹੁਣ ਬਾਬਾ ਜਗਜੀਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਆਪ ਨੂੰ ਬਰਕਤ ਬਖਸ਼ੇ ਜਿਸ ਨਾਲ ਮੁੜ ਉਹੋ ਬਰਕਤ ਕਾਇਮ ਰਹੇ

ਸ੍ਰ. ਸਵਰਨ ਸਿੰਘ ਜੀ ਨੇ ਕਹਿਆ ਸੀ ਕਿ ਨਾਮਧਾਰੀ ਸੰਪ੍ਰਦਾਇ ਦਾ ਜਨਮ ਹੀ ਕੁਰਬਾਨੀਆਂ ਲਈ ਹੋਇਆ ਸੀ । ਜਿਵੇਂ ਸ੍ਰੀ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੇ ਜਿਸ ਕੁਰਬਾਨੀ ਤੇ ਆਮ ਕੁਰਬਾਨੀਆਂ ਦਾ ਸਬੂਤ ਉਹ ਹੋਰਥੇ ਕਿਤਨੇ ਨਹੀਂ ਮਿਲਦਾ। ਬਰਤਾਨਵੀ ਰਾਜ ਦੀ ਚਟਾਨ ਨਾਲ ਮੱਥਾ ਲਾਕੇ ਉਹਨਾਂ ਦੁਨੀਆਂ ਨੂੰ ਜਗਾ ਦਿੱਤਾ । ਜਿਸ ਕੰਮ ਨੂੰ ਉਹਨਾਂ ਸ਼ੁਰੂ ਕੀਤਾ ਸ੍ਰੀ ਸਤਿਗੁਰੂ ਬਾਬਾ ਪਰਤਾਪ ਸਿੰਘ ਜੀ ਨੇ ਉਸਦਾ ਨਤੀਜਾ ਵੇਖਿਆ । ਦੇਸ਼ ਆਜ਼ਾਦ ਹੋ ਗਿਆ ।

ਗਿਆਨੀ ਜ਼ੈਲ ਸਿੰਘ ਜੀ ਨੇ ਅਪਣੀ ਸ਼ਰਧਾਂਜਲੀ ਵਿਚ ਕਹਿਆ ਸੀ "ਮਹਾਰਾਜ ਜਗਜੀਤ ਸਿੰਘ ਜੀ ਤੁਹਾਡੀਆ ਜਿਮੇਵਾਰੀਆਂ ਵਧ ਗਈਆਂ ਹਨ, ਦੇਸ਼ ਤੇ ਉਠੇ ਖਤਰੇ ਲਈ, ਹਿੰਦ ਦੀ ਰਾਖੀ ਲਈ ਤੁਸਾਂ ਹੀ ਸਭ ਤੋਂ ਮੂਹਰੇ ਹੋਣਾ ਹੈ ਏਨੀ ਗੱਲ ਕਹਿਕੇ ਮੁਬਾਰਕਬਾਦ ਪੇਸ਼ ਕਰਦਾ ਹਾਂ"

"ਹਿੰਦ ਸਮਾਚਾਰ" ਦੇ ਐਡੀਟਰ ਸ੍ਰੀ ਲਾਲਾ ਜਗਤ ਨਰੈਣ ਜੀ ਨੇ ਕਹਿਆ ਸੀ ਕਿ ਜਿਥੇ ਨਾਮਧਾਰੀ ਸੰਗਤ ਨੂੰ ਮਹਾਰਾਜ ਪਰਤਾਪ ਸਿੰਘ ਜੀ ਦੇ ਜਾਣ ਦਾ ਦੁਖ ਹੈ ਉਥੇ ਸਾਰੇ ਪੰਜਾਬ ਨੂੰ ਵੀ ਦੁਖ ਹੈ । ਮੈਂ ਇਸ ਦੁਖ ਨੂੰ ਨਿਜੀ ਤੌਰ ਤੇ ਵੀ ਅਨੁਭਵ ਕਰਦਾ ਹਾਂ । ਉਹ ਹਰੇਕ ਨੂੰ ਪਿਆਰ ਕਰਨ ਵਾਲੀ ਮਹਾਨ ਸ਼ਖਸੀਅਤ ਸਨ

ਸ੍ਰ. ਗਿਆਨ ਸਿੰਘ ਰਾੜੇਵਾਲਾ ਜੀ ਨੇ ਅਪਣੀ ਸ਼ਰਧਾਂਜਲੀ ਵਿਚ ਦਸਿਆ ਸੀ ਕਿ ਮੈਨੂੰ ਮਹਾਰਾਜ ਪਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੈਠਣ ਦਾ ਮਾਨ ਮਿਲਿਆ ਹੈ । ਸ੍ਰੀ ਜਗਜੀਤ ਸਿੰਘ ਜੀ ਨਾਲ ਵੀ ਗੱਲਾਂ ਕਰਨ ਦਾ ਵਕਤ ਮਿਲਿਆ ਹੈ

## ਮੈਨੂੰ ਦੋਹਾਂ ਵਿਚ ਇਕੋ ਜੋਤ ਝਲਕਦੀ ਨਜ਼ਰ ਪਈ ਹੈ

ਕਾਮਰੇਡ ਸੋਹਣ ਸਿੰਘ ਜੀ ਜੋਸ਼ ਨੇ ਕਹਿਆ ਕਿ ਉਹ (ਸਤਿਗੁਰੂ ਪਰਤਾਪ ਸਿੰਘ ਜੀ) ਜ਼ੁਲਮ ਅਗੇ ਕਦੇ ਝੁਕੇ ਨਹੀਂ ।

ਇਸ ਦਸਤਾਰ ਬੰਦੀ ਸਮਾਗਮ ਬਾਰੇ ਸੰਤ ਪ੍ਰੀਤਮ ਸਿੰਘ ਜੀ ਕਵੀ ਨੇ ਲਿਖਿਆ ਸੀ :- ਸ੍ਰੀ ਭੈਣੀ ਸਾਹਿਬ ਦੇ ਇਤਿਹਾਸ ਵਿਚ ਤੇ ਪੰਜਾਬ ਦੇ ਕਿਸੇ ਵੀ ਸਮਾਗਮ ਤੇ ਏਨੀ ਠੋਸ ਹਾਜ਼ਰੀ ਕਦੇ ਨਹੀ ਸੁਣੀ / ਅਸੀਂ ਸੁਭਾਵਕ ਸੰਕੋਚ ਵਸ ਇਸ ਹਾਜ਼ਰੀ ਨੂੰ ਇਕ ਲਖ ਤੋਂ ਵਧ ਗਿਣਦੇ ਹਾਂ ਪਰ ਬਹੁਤੇ ਅਖਬਾਰਾਂ ਵਾਲਿਆਂ ਨੇ ਹਾਜ਼ਰੀ ਦਾ ਅੰਦਾਜ਼ਾ ਡੇਢ ਲਖ ਲਾਇਆ ਹੈ । ਸ੍ਰੀ ਭੈਣੀ ਸਾਹਿਬ ਵਿਚ ੪-੪ ਮਹੀਨੇ ਦੇ ਪ੍ਰਾਪੇਗੰਡੇ ਬਾਦ ਹੋਏ ਮਹਾਨ ਇਕੱਠ ਵੀ ਇਸ ਦੀ ਤੁਲਨਾ ਵਿਚ ਨਹੀਂ ਆ ਸਕਦੇ

ਸੰਤ ਜਗਦੀਸ਼ ਸਿੰਘ ਜੀ ਨੇ "ਵਰਿਆਮ" ਵਿਚ ਲਿਖਿਆ ਹੈ :-

10 ਸਤੰਬਰ 1959 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲਣ ਪਿਛੋਂ "ਦਸਤਾਰ ਬੰਦੀ ਸਮਾਗਮ ਹੋਇਆ ਜਿਸ ਵਿਚ ਹਰ ਵਰਗ, ਹਰ ਖਿਆਲ ਦੇ ਧਾਰਮਕ, ਸਿਆਸੀ ਅਤੇ ਸਮਾਜੀ ਨੇਤਾ ਅਤੇ ਅਨਗਣਿਤ ਲੋਕ ਸ਼ਾਮਲ ਹੋਏ । ਇਕ ਮਹਾਨ ਸਮਰਥਨ ਨਾਲ ਸ੍ਰੀ ਸਤਿਗੁਰੂ ਜੀ ਨੇ ਕਾਰਜ ਖੇਤ੍ਰ ਵਿਚ ਪ੍ਰਵੇਸ਼ ਕੀਤਾ

ਜੀਵਨ ਦੇ ਚੰਨ ਦਾ ਤਾਰਾ, ਸ੍ਰਿਸ਼ਟੀ ਦਾ ਸਿਰਜਣ ਹਾਰਾ,
ਜੱਗ ਨੂੰ ਜਿਤਣ ਲਈ, ਅਰਸ਼ਾਂ ਤੋਂ ਆਇਆ
ਮਾਤਾ ਭੂਪਿੰਦਰ ਜੀ ਦੇ ਨੈਣਾਂ ਦਾ ਨੂਰ ਵੇ
ਏਸ ਦਾ ਦਰਸ਼ਨ ਕਰਕੇ ਆਉਂਦਾ ਸਰੂਰ ਵੇ
ਸੰਗਤ 'ਚ ਸੋਭਾ ਪਾਵੇ, ਆਖੀ ਨ ਉਪਮਾ ਜਾਵੇ,
ਦੁਖੜੇ ਮੇਟਣ ਲਈ, ਅਰਸ਼ਾਂ ਤੋਂ ਆਇਆ...

(ਸੰਤ ਇਕਬਾਲ ਸਿੰਘ ਮਨਚੰਦਾ)

ਕਰਾਮਾਤ ਆਦਿ ਜੇ ਵਡੇ ਤਪਸਤੀ ਵਿਸੇਖੀਐ
ਬਿਅੰਤ, ਬਿਅੰਤ, ਬਿਅੰਤ ਕੋ ਕਰੰਤ ਪਾਠ ਪੇਖੀਐ

# ਦਰਸ ਇਨ੍ਹਾਂ ਦਾ ਜਨਮ ਸਵਾਰਦਾ ਏ

ਮਾਲਕ ਪਹਿਰੇ ਦਾ ਹੈ ਜਗਜੀਤ ਸਤਿਗੁਰੂ, ਹੁਣ ਤਾਂ ਇਹੋ ਹੀ ਧਰਮ ਪਰਚਾਰਦਾ ਏ ।
ਦਾਤਾ ਰਿੱਧੀਆਂ ਸਿੱਧੀਆਂ ਰਹਿਮਤਾਂ ਦਾ, ਵਿਗੜੇ ਕਜ ਵੀ ਇਹੋ ਸਵਾਰਦਾ ਏ ।

ਨਾਮ ਇਹਦਾ ਹੈ ਰਤਨ ਗੋਪਾਲ ਸੁਆਮੀ, ਕਾਮ ਧੇਨਾਂ ਇਹ ਲਖਾਂ ਹੀ ਚਾਰਦਾ ਏ।
ਅਨਿਕ ਤੁਰੰਗ ਕੁਰੰਗ ਸੇ ਕੁਦਰਤ ਹੈ, ਇਹੋ ਪਉਣ ਕੇ ਗਉਣ ਨਿਵਾਰਦਾ ਏ।
ਪਿਤਾ ਜਿਹਾ ਪਰਵਾਨ ਇਹ ਸਤਿਗੁਰੂ ਹੈ, ਰਾਜ ਧਰਮ ਦਾ ਇਹੋ ਪਰਚਾਰਦਾ ਏ ।
ਜਤੁ ਸਤੁ ਸੰਜਮ ਲੈ ਕੇ ਨਾਲ ਆਇਆ, ਮੋਹੁ ਗਰੂਰ ਤੇ ਗਾਰਬ ਨਿਵਾਰਦਾ ਏ ।
ਅਟੱਲ ਅਥਾਹ ਅਤੋਲ ਬੇਅੰਤ ਹੈ ਇਹ, ਇਹ ਦਇਆ ਦੀ ਖੜਗ ਨੂੰ ਧਾਰਦਾ ਏ ।
ਝਖੜਿ ਵਾਉ ਨ ਡੋਲਦੀ ਵੇਖ ਲਿਆ, ਵਾਂਙ ਪਰਬਤ ਦੇ ਚਿੱਤ ਖਲਿਹਾਰਦਾ ਏ।

ਭਲੇ ਭਲੇ ਕਰ ਮੰਨੀਅਹਿ ਤਕ ਲਏ ਨੇ, ਇਹ ਤਾਂ ਬੁਰਿਆਂ ਦੇ ਕਾਜ ਸਵਾਰਦਾ ਏ।
ਸੁਤ ਅਪਰਾਧ ਕਰਤ ਹੈ ਜੇਤੇ, ਵਾਂਙ ਜਨਨੀ ਦੇ ਚਿਤ ਨ ਧਾਰਦਾ ਏ ।
ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਸਦਾ ਆਪਣਾ ਬਿਰਦ ਸੰਭਾਰਦਾ ਏ ।
ਕਿਆ ਗੁਣ ਤੇਰੇ ਮੈਂ ਸਾਰ ਸਮਾਲ ਸਕਾਂ, ਫਾਨੀ ਜੀਵ ਵਿਸਾਲ ਸੰਸਾਰ ਦਾ ਏ ।
ਰੂਪ ਅਤੇ ਅਨੂਪ ਜਗਜੀਤ ਸਤਿਗੁਰ, ਕੇਵਲ ਗੁਰਮਤ ਹੀ ਜੋ ਧਾਰਦਾ ਏ ।
ਜਿਸ ਬਖਸ਼ੇ ਦਰਸ਼ਨ ਦਇਆ ਕਰ, ਮਲ ਜਨਮਾਂ ਦੀ ਇਹ ਟਾਰਦਾ ਏ ।
ਰੋਗ ਸੋਗ ਅੰਦੇਸੇ ਸਭ ਮੇਟ ਦੇਵੇ, ਇਹ ਨਦਰੀ ਨਦਰਿ ਨਿਹਾਰਦਾ ਏ ।
ਬੱਜਰ ਪਾਪ ਵੀ ਇਹ ਬਖਸ਼ ਦੇਵੇ, ਦਰਸ ਇਨ੍ਹਾਂ ਦਾ ਜਨਮ ਸਵਾਰਦਾ ਏ ।

ਤੁਸੀ ਸਾਰੇ ਜਾਣਦੇ ਹੀ ਹੋ ਕਿ ਅੰਗਰੇਜ਼ ਅਪਣੇ ਰਾਜ ਨੂੰ ਕਾਇਮ ਰਖਣ ਲਈ ਅਪਣੀ ਪਾੜੋ ਅਤੇ ਰਾਜ ਕਰੋ (Divide & Rule) ਦੀ ਨੀਤੀ ਅਨੁਸਾਰ ਕਿਸ ਤਰ੍ਹਾਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਸ ਵਿਚ ਲੜਾਉਂਦੇ ਰਹੇ, ਪੰਜਾਬ ਵਿਚ ਹਿੰਦੂਆਂ ਅਤੇ ਸਿਖਾਂ ਨੂੰ ਆਪਸ ਵਿਚ ਲੜਾਉਂਦੇ ਰਹੇ ਫਿਰ ਸਿਖਾਂ ਨੂੰ ਗ੍ਰੰਥ ਗੁਰ ਅਤੇ ਦੇਹਧਾਰੀ ਗੁਰੂ ਦੇ ਬਹਾਨੇ ਆਪਸ ਵਿਚ ਲੜਾਉਂਦੇ ਰਹੇ। ਸਿਖਾਂ ਨੂੰ ਆਪਸ ਵਿਚ ਲੜਾਉਣ ਦਾ ਭਾਵ ਇਹ ਸੀ ਕਿ ਸਿਖ ਕਿਤਲੇ ਸਤਿਗੁਰ ਰਾਮ ਸਿੰਘ ਜੀ ਦੇ ਝੰਡੇ ਹੇਠ ਇਕੱਠੇ ਨ ਹੋ ਜਾਣ। ਅੰਗਰੇਜ਼ਾਂ ਨੂੰ ਇਹ ਡਰ ਸੀ ਕਿ ਜੇ ਸਿਖ ਇਕੱਠੇ ਹੋ ਗਏ ਤਾਂ ਸਾਡਾ ਰਾਜ ਕਾਇਮ ਨਹੀਂ ਰਹਿ ਸਕਦਾ। ਚਾਲਬਾਜ਼ ਅੰਗਰੇਜ਼ਾਂ ਨੇ ਵਡੇ ਵਡੇ ਨਾਮੀ ਸਿਖਾਂ ਨੂੰ ਜਗੀਰਾਂ ਦੇ ਕੇ ਅਪਣੇ ਪਿਠੂ ਬਣਾ ਲਿਆ ਸੀ। ਗੁਰਦਵਾਰਿਆਂ ਦੇ ਪੁਜਾਰੀਆਂ ਅਤੇ ਮਹੰਤਾਂ ਨੂੰ ਡਰਾ ਧਮਕਾ ਕੇ ਅਪਣੇ ਸ਼ੁਭ ਚਿੰਤਕ ਬਣਾ ਲਿਆ ਸੀ। ਪੁਜਾਰੀਆਂ ਅਤੇ ਮਹੰਤਾਂ ਰਾਹੀ ਇਹ ਪਰਚਾਰ ਕਰਵਾਇਆ ਸੀ ਕਿ ਸਤਿਗੁਰ ਰਾਮ ਸਿੰਘ ਜੀ ਗੁਰੂ ਨਹੀਂ ਹਨ। ਫਿਰ ਜਦੋਂ ਨਾਮਧਾਰੀਆਂ ਨੇ ਅੰਗਰੇਜ਼ਾਂ ਦੀ ਸ਼ਹਿ ਤੇ ਚਲ ਰਹੇ ਬੁਚੜਖਾਨਿਆਂ ਤੇ ਹਮਲੇ ਕਰ ਬੁਚੜਾਂ ਨੂੰ ਮਾਰਿਆ ਤਾਂ ਅੰਗਰੇਜ਼ਾਂ ਨੇ ਅਪਣੀ ਹਾਨੀ ਸਮਝੀ ਅਤੇ ਨਾਮਧਾਰੀ ਸੂਰਮਿਆਂ ਨੂੰ ਫਾਂਸੀਆਂ ਤੇ ਲਟਕਾਇਆ, ਤੋਪਾਂ ਅਗੇ ਖੜਿਹਾਰ ਕੇ ਉਡਾਇਆ, ਕਾਲੇ ਪਾਣੀ ਭੇਜਿਆ ਅਤੇ ਕਈਆਂ ਨੂੰ ਜੇਲਾਂ ਵਿਚ ਬੰਦ ਕੀਤਾ। ਫਿਰ ਸ੍ਰੀ ਸਤਿਗੁਰੂ ਰਾਮ ਜੀ ਨੂੰ ਬਿਨਾਂ ਕਿਸੇ ਦੋਸ ਦੇ ਅਤੇ ਬਿਨ ਮੁਕਦਮੇ ਚਲਾਏ ਪ੍ਰਦੇਸ ਭੇਜ ਦਿੱਤਾ। ਲਿਖਣ ਦਾ ਭਾਵ ਹੈ ਕਿ ਅੰਗਰੇਜ਼ ਨਾਮਧਾਰੀਆਂ ਨੂੰ ਅਪਣੇ ਕੱਟਰ ਦੁਸ਼ਮਣ ਸਮਝਦੇ ਸਨ ਤਾਂਹੀ ਤਾਂ ਉਨ੍ਹਾਂ ਲਿਖਿਆ ਸੀ ਕਿ ਕੂਕਾ ਅੰਗਰੇਜ਼ੀ ਸਰਕਾਰ ਦਾ ਵਫ਼ਾਦਾਰ ਨਹੀਂ ਹੋ ਸਕਦਾ

**ਵਾਹ! ਸਮਾਂ ਕੈਸਾ ਬਦਲ ਗਿਆ, ਜਿਨ੍ਹਾਂ ਨਾਮਧਾਰੀਆਂ (ਕੂਕਿਆਂ) ਨੂੰ ਅੰਗਰੇਜ਼ ਅਪਣਾ ਕੱਟਰ ਦੁਸ਼ਮਣ ਸਮਝਦੇ ਸਨ ਉਨ੍ਹਾਂ ਹੀ ਨਾਮਧਾਰੀਆਂ ਦੇ** (ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) **ਅਗੇ ਪਦਾਰਥਵਾਦੀ ਦੇਸ਼ ਇੰਗਲੈਂਡ ਵਿਚ ਵਸਦੇ ਨਾਮਧਾਰੀਆਂ ਰਾਹੀਂ ਬਾਰਸ਼ ਵਾਸਤੇ ਨਿਮ੍ਰਤਾ ਸਹਿਤ ਬਾਰ ਬਾਰ ਅਰਜ਼ਾਂ ਕੀਤੀਆਂ**

Sri Satguru Jagjit Singh Ji Elibrary NamdhariElibrary@gmail com

# ਇੰਗਲੈਂਡ ਵਿਚ ਬਾਰਸ਼

(ਸੰਤ ਸੇਵਾ ਸਿੰਘ ਜੀ ਸੇਵਾਦਾਰ)

ਸੋਕਾ ਪਿਆ ਇੰਗਲੈਂਡ ਦੇ ਵਿਚ ਆ ਕੇ, ਦੋ ਸਾਲ ਤੋਂ ਬਾਰਸ਼ ਨ ਹੋਈ ਹੈ ਸੀ ।
ਚਸ਼ਮੇ ਸੁਕ ਗਏ, ਸੁਕ ਦਰਿਆ ਗਏ, ਹਰਿਆ ਬੂਟਾ ਨ ਦਿਸਦਾ ਕੋਈ ਹੈ ਸੀ ।
ਪਸ਼ੂ ਪੰਛੀਆਂ ਦਾ ਜਿਊਣਾ ਹੋਇਆ ਔਖਾ, ਕਰਤੇ ਬਿਨਾਂ ਨਾ ਜਿਨਾਂ ਦਾ ਕੋਈ ਹੈ ਸੀ ।
ਚੁਕ ਚੁਕ ਬੂਥੀਆਂ ਉਤਾਂ ਨ ਵੇਖਦੇ ਨੇ, ਔਖੀ ਜਿਨਾਂ ਦੀ ਜਿੰਦੜੀ ਹੋਈ ਹੈ ਸੀ ।
ਆਖਣ ਸਭਨਾਂ ਜੀਆਂ ਦੇ ਦਾਤਿਆ ਜੀ, ਬਿਨਾਂ ਆਪ ਦੇ ਸਾਨੂੰ ਨਹੀ ਆਸ ਕੋਈ ।
ਐਸਾ ਮੇਹਰ ਵਿਚ ਆਣ ਕੇ ਮੀਂਹ ਪਾ ਦੇ, ਰਹੇ ਕਿਸੇ ਦੇ ਮਨ ਨ ਪਿਆਸ ਕੋਈ ।

ਗੋਰੇ ਗਿਰਜਿਆਂ ਵਿਚ, ਹਿੰਦੂ ਮੰਦਰਾਂ ਵਿਚ ਮੁਸਲਮਾਨ ਮਸੀਤਾਂ ਵਿਚ ਜਾਂਵਦੇ ਨੇ ।
ਸਿਖ ਹੋ ਕੱਠੇ ਗੁਰਦਵਾਰਿਆਂ ਵਿਚ, ਹੱਥ ਜੋੜ ਕੇ ਵਾਸਤੇ ਪਾਂਵਦੇ ਨੇ ।
ਇਕੋ ਆਸ ਲੈ ਸਾਰੇ ਹੀ ਮਨਾਂ ਅੰਦਰ, ਆਪੋ ਆਪਣੀ ਬੋਲੀ ਵਿਚ ਗਾਂਵਦੇ ਨੇ ।
ਉਤਾਂ ਮੂੰਹ ਕਰ ਕਈ ਪਹਾੜ ਚੜ੍ਹ ਕੇ, ਗੋਲੇ ਬੰਬ ਬੰਦੂਕਾਂ ਚਲਾਂਵਦੇ ਨੇ ।
ਨੱਚਣ ਕਈ ਬਜਾਰਾਂ ਵਿਚ ਹੋ ਨੰਗੇ, ਆਖਣ ਅਸਾਂ ਦੀ ਪੱਤ ਬਚਾ ਰੱਬਾ ।
ਗੋਤੇ ਖਾਂਵਦਾ ਗਮਾਂ ਵਿਚ ਦੇਸ਼ ਸਾਰਾ, ਹੁਣ ਤੇ ਆਪ ਆ ਕੇ ਮੀਂਹ ਪਾ ਰੱਬਾ ।

ਐਸਾ ਪਿਆ ਕੁਰਲਾਹਟ ਇੰਗਲੈਂਡ ਅੰਦਰ ਕਰਦੇ ਯਾਦ ਨੇ ਸਾਰੇ ਪਰਮਾਤਮਾ ਨੂੰ ।
ਆਖਣ ਦੇ ਪਾਣੀ ਸਭ ਵਿਚ ਜਾਨ ਪਾ ਦੇ, ਹੁਣ ਤੇ ਦੂਰ ਕਰ ਦੇਸ਼ ਦੇ ਮਾਤਮ ਨੂੰ ।
ਧਰਤ ਮਾਤ ਵੀ ਦੇਣ ਦੁਹਾਈ ਲਗੀ, ਆਖੇ ਠੰਡ ਪਾ ਦੇ ਮੇਰੀ ਆਤਮਾ ਨੂੰ ।
ਹੁਣ ਤੇ ਪਲ ਨ ਪ੍ਰੀਤਮਾ ਚੈਨ ਆਵੇ, ਲੈ ਕੇ ਨਾਲ ਆ ਛੇਤੀ ਬਰਸਾਤਮਾ ਨੂੰ ।
ਸਿਰਜਨਹਾਰ ਦਾਤਾਰ ਜੋ ਸਭਸ ਦਾ ਏ, ਉਸਦੇ ਦਰ ਤੇ ਸਭ ਦੀ ਹੂਕ ਪਹੁੰਚੀ ।
ਜਦੋਂ ਪਾਤਸ਼ਾਹ ਕਰਨ ਲਈ ਤੁਰੇ ਦੌਰਾ, ਬੇਅੰਤ ਚਰਨਾਂ ਵਿਚ ਦੁਖੀਆਂ ਦੀ ਕੂਕ ਪਹੁੰਚੀ ।

ਏਅਰ ਇੰਡੀਆ ਤੇ ਹੋ ਅਸਵਾਰ ਸਤਿਗੁਰ, ਪਹਿਲਾਂ ਵਿਚ ਅਮਰੀਕਾ ਦੇ ਜਾਂਵਦੇ ਨੇ ।
ਰਬੋਂ ਭੁਲਿਆਂ ਤੇ ਰਾਹੋਂ ਭਟਕਿਆਂ ਨੂੰ, ਸਿੱਧਾ ਰੱਬ ਦਾ ਰਾਹ ਵਿਖਾਂਵਦੇ ਨੇ ।
ਸਤਿਗੁਰ ਸਭਸ ਦਾ ਭਲਾ ਮਨਾਉਣ ਵਾਲੇ, ਉਥੋਂ ਚਰਣ ਕਨੇਡਾ ਵਿਚ ਪਾਂਵਦੇ ਨੇ ।
ਜੀਅ ਦਾਨ ਦੇਂਦੇ ਭਾਗਾਂ ਵਾਲਿਆਂ ਨੂੰ, ਨਾਮ ਦਾਨ ਇਸ਼ਨਾਨ ਦ੍ਰਿੜਾਂਵਦੇ ਨੇ ।
ਮਾਲਕ ਰਜ਼ਾ ਦੇ ਏਥੋਂ ਤਿਆਰ ਹੋ ਪਏ, ਇੰਗਲਸਤਾਨ ਅੰਦਰ ਚਰਣ ਪੌਣ ਦੇ ਲਈ ।
ਹਵਾਈ ਅੱਡੇ ਤੇ ਸੰਗਤਾਂ ਪਹੁੰਚ ਗਈਆਂ, ਆਪਣੇ ਪ੍ਰੀਤਮ ਨੂੰ ਅਗੋਂ ਲਿਆਉਣ ਦੇ ਲਈ ।

ਦੂਜੇ ਬੰਨੇ ਕਈ ਈਰਖਾ ਕਰਨ ਵਾਲੇ, ਨਿੰਦਾ ਕਰਨ ਦੇ ਢੰਗ ਬਣਾ ਰਹੇ ਸਨ ।
ਮੌਜਾਂ ਸਤਿਗੁਰਾਂ ਦੀ ਵੇਖ ਸਕਦੇ ਨਾ, ਪਏ ਮਨਾਂ ਅੰਦਰ ਕਲਪਾ ਰਹੇ ਸਨ ।
ਸਤਿਗੁਰ ਕੂਕਿਆਂ ਦੇ ਆ ਰਹੇ ਕਰਨ ਬਾਰਸ਼, ਸਾਰੇ ਦੇਸ਼ ਅੰਦਰ ਰੌਲਾ ਪਾ ਰਹੇ ਸਨ ।
ਸਿਰਜਣਹਾਰ ਨਿਰੰਕਾਰ ਨਾਲ ਈਰਖਾ ਕਰ, ਪਏ ਆਪਣਾ ਜਨਮ ਗਵਾ ਰਹੇ ਸਨ ।

Sri Satguru Jagjit Singh Ji Elibrary NamdhariElibrary@gmail.com

ਸੁਣ ਕੇ ਦੋਖੀਆਂ ਵਲੋਂ ਐਲਾਨ ਐਸਾ, ਸਾਇੰਸਦਾਨ ਵੀ ਸੋਚ ਦੌੜਾ ਰਹੇ ਨੇ
ਕਿਵੇਂ ਹੋਵੇਗੀ ਬਾਰਸ਼, ਨਹੀਂ ਸਮਝ ਆਂਉਦੀ, ਨਜ਼ਰ ਬਾਰਸ਼ ਦੇ ਢੰਗ ਨ ਆ ਰਹੇ ਨੇ
ਕਰ ਕਰ ਯਤਨ ਥਕੇ ਬਾਰਸ਼ ਕਰਨ ਖਾਤਰ, ਕਿਸੇ ਅਰਥ ਨ ਯਤਨ ਸਭ ਆ ਰਹੇ ਨੇ
ਸਾਡੇ ਤਜਰਬਿਆਂ ਵਿਚ ਨ ਫਰਕ ਕੋਈ, ਇਹ ਸਭ ਥੋਥੇ ਐਲਾਨ ਸੁਣਾ ਰਹੇ ਨੇ
ਆਖਰ ਕੀਤਾ ਐਲਾਨ ਸੀ ਸਾਇੰਸਦਾਨਾਂ, ਏਸ ਗਲ ਤੇ ਸਾਨੂੰ ਇਤਬਾਰ ਹੀ ਨਹੀਂ
ਖੋਜ ਕੀਤਿਆਂ ਸਾਡਾ ਹਿਸਾਬ ਦੱਸੇ, ਬਾਰਸ਼ ਹੋਣ ਦੇ ਅੰਜੇਆਸਾਰ ਹੀ ਨਹੀਂ

ਹੱਥ ਜੋੜ ਕੇ ਸਿਖਾਂ ਨੇ ਅਰਜ਼ ਕੀਤੀ, ਕਰੋ ਮਿਹਰ ਹੁਣ ਦੀਨ ਦਇਆਲ ਸਤਿਗੁਰ
ਦਗਾ ਦੋਖੀਆਂ ਨੇ ਕੀਤਾ ਨਾਲ ਸਾਡੇ, ਰੌਲਾ ਪਾ ਕੇ ਵਿਚ ਸੰਸਾਰ ਸਤਿਗੁਰ
ਬਾਰਸ਼ ਹੋਈ ਨ ਤੇ ਹੋਣੀ ਨਿੰਦਿਆ ਏ, ਜੀਣਾ ਅਸਾਂ ਦਾ ਹੋਸੀ ਦੁਸ਼ਵਾਰ ਸਤਿਗੁਰ
ਤਿੰਨੇ ਲੋਕ ਹਨ ਆਪ ਦੇ ਵਸ ਦਾਤਾ ਕਰੋ ਮਿਹਰ ਹੋਵੇ ਜੈ ਜੈ ਕਾਰ ਸਤਿਗੁਰ
ਸੁਣ ਕੇ ਦੁਖੀਆਂ ਦੇ ਬੇਨਤੀ ਦਇਆ ਆਈ, ਪੰਡਤ ਜੀ ਨੂੰ ਹੁਕਮ ਸੁਣਾਂਵਦੇ ਨੇ
ਕਰੋ ਅਰਦਾਸ ਨਹੀ ਓਸਦੇ ਘਰ ਘਾਟਾ, ਜੱਲ ਥੱਲ ਕਰ ਹੜ ਵਗਾਂਵਦੇ ਨੇ

ਦੌੜੀ ਖੁਸ਼ੀ ਦੀ ਲਹਿਰ ਸਭ ਮਨਾਂ ਅੰਦਰ, ਆ ਗਈ ਮੁਰਦਿਆਂ ਰੂਹਾਂ ਵਿਚ ਜਾਨ ਝਟ ਪਟ।
ਪਾਣੀ ਪੀਣ ਨੂੰ ਵੀ ਜਿਹੜੇ ਤਰਸਦੇ ਸੀ, ਸਣੇ ਕਪੜੀਂ ਲਗ ਪਏ ਨਾਣ ਝਟ ਪਟ।
ਇਕ ਦੂਜੇ ਨੂੰ ਦੇਣ ਵਧਾਈ ਸਾਰੇ, ਲਗੇ ਸਤਿਗੁਰਾਂ ਦਾ ਸ਼ੁਕਰ ਮਨਾਣ ਝਟ ਪਟ।
"ਸੇਵਾਦਾਰ" ਸਭ ਤੜਫਦੇ ਦਰਸ਼ਨਾਂ ਨੂੰ, ਸਤਿਗੁਰੂ ਹੋਏ ਨਰੋਬੀ ਰਵਾਨ ਝਟ ਪਟ।

**ਰੌਲਾ ਪਾਇਆ ਅਖਬਾਰਾਂ ਤੇ ਰੇਡਿਓ ਨੇ।**
**ਸਿਰਜਨਹਾਰ ਨਿਰੰਕਾਰ ਕਰਤਾਰ ਹੈ ਏ।**
**ਤਿੰਨੇ ਲੋਕ ਹਨ ਏਸੇ ਦੇ ਹੁਕਮ ਅੰਦਰ।**
**ਹਰ ਕੋਈ ਏਸੇ ਦਾ ਸੇਵਾਦਾਰ ਹੈ ਏ।**

ਸੰਨ ੧੯੭੬ ਵਿਚ ਜਦੋਂ ਇੰਗਲੈਂਡ ਦੇ ਵਾਸੀ ਪਾਣੀ ਨਈ ਤਰਸਦੇ ਸਨ, ਅਪਣੇ ਅਪਣੇ ਤਰੀਕੇ ਨਾਲ ਅਰਦਾਸਾਂ ਕਰਦੇ ਸਨ ਤਾਂ ਸਤਿਗੁਰੂ ਜੀ ਨੇ ਅਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਬਾਰਸ਼ ਕਰਵਾ ਕੇ ਸੁੱਕੇ ਸੜੇ ਜੀਵਾਂ ਨੂੰ ਹਰਿਆਂ ਕਰ ਦਿੱਤਾ। ਇੰਗਲੈਂਡ ਵਾਲਿਆਂ ਨੂੰ ਵੀ ਗੁਰੂ ਸ਼ਕਤੀ ਮੰਨਣੀ ਪਈ

**ਹੋ ਰਹੀ ਏ ਜੈ ਜੈ ਕਾਰ**
ਅਥਵਾ
**ਗੁਰੂ ਜਗਜੀਤ ਸਿੰਘ ਦੀ**

# ਗੁਰ ਜਗਜੀਤ ਬਿਨਾ ਸੁਖ ਨਾਹੀਂ

ਅਜ ਪੰਜਾਬ ਦੀ ਧਰਤੀ ਵਿਚੋਂ ਉਠਣ ਅਗਨ ਭਬੂਕੇ ।
ਇਸ ਅਗਨੀ ਨੇ ਕਈ ਮਾਸੂਮਾਂ ਨੂੰ ਕੀਤਿਆ ਘਰ ਫੂਕੇ ।
ਸਹਿਮ ਤੇ ਨਫ਼ਰਤ ਦਹਿਸ਼ਤ ਕਰਦੀ ਪਸਰੀ ਚਾਰ ਚੁਫੇਰੇ ।
ਘਰ-ਖੇਤ ਆਪੇ ਵਿਚ ਲੜਦੇ ਹੋਵਨ ਜ਼ੁਲਮ ਘਨੇਰੇ ।
ਅਗਨ ਦੀ ਲੋਅ ਕਰੇ ਜੋ ਕੋਈ ਉਸ ਦੀ ਧੌਣ ਭਨੀਂਦੀ ।
ਹੋਣੀ ਅਜ ਹਾਕਮ ਦੇ ਪਾਸੇ ਰਤ ਲੋਕਾਂ ਦੀ ਪੀਂਦੀ ।
ਧਰਮ ਧਰਤੀਆਂ ਦੂਸ਼ਤ ਹੋਈਆਂ ਧਰਮੀ ਬਣੇ ਅਧਰਮੀ ।
ਛੱਡ ਸ਼ਰਮਾਂ ਦੀਆਂ ਗੱਲਾਂ ਸੱਭੇ ਕਰ ਲਈ ਇਕ ਬੇਸ਼ਰਮੀ ।
ਪੱਗ ਕਿਸੇ ਦੀ ਨਹੀਂ ਸੁਰਖਿਅਤ, ਖ਼ਤਰੇ ਵਿਚ ਹੈ ਜਾਨਾ ।
ਬਦ ਅਮਨੀ ਤੋਂ ਅਮਨ ਚਾਹਦੇ ਹੋਇਆ ਲੋਕ ਦੀਵਾਨਾ ।
ਉਹ ਹੋਇਆ ਜੋ ਕਦੇ ਨਾ ਹੋਇਆ ਲਹੂ ਸਰੋਵਰ ਰਲਿਆ ।
ਇਕਬਾਲ ਮਾਨ ਮਿੰਟੋ 'ਚ ਮਿਲ ਗਏ ਪਿਛਲਾ ਕਰਮ ਹੈ ਫਲਿਆ ।
ਬਿਨ ਸੋਚੀ ਅਗਵਾਈ ਸਮੇਂ ਵਿਚ ਸਭ ਕੁਝ ਹੈ ਹੋਇਆ ।
ਲਹੂ ਤੇ ਮਾਸ ਨੇ ਇਕ ਦੂਜੇ ਦਾ ਜਿਓਂ ਵਿਸ਼ਵਾਸ ਹੀ ਖੋਇਆ ।
ਐਸੇ ਮਹਾ ਭਿਆਨਕ ਵੇਲੇ ਯਾਦ ਉਹ ਧਰਤੀ ਆਵੇ ।
ਜਿਸ ਥਾਂ ਆ ਕੇ ਵੈਰੀ ਵੀ ਗਲ ਵੈਰੀ ਬਾਹਾਂ ਪਾਵੇ ।
ਇਸ ਧਰਤੀ ਦੇ ਪਾਣੀ ਵਿਚ ਨੇ ਉਹ ਠੰਡੀਆਂ ਤਾਸੀਰਾਂ ।
ਪੀਂਦਿਆਂ ਮਨੋ ਵਿਰੋਧਾਂ ਭਰੀਆਂ ਮਿਟ ਜਾਣ ਤਕਸੀਰਾਂ ।
ਇਸ ਧਰਤੀ ਦੇ ਮਾਲਕ ਦਾਈਏ ਇਕ ਨਜ਼ਰੇ ਜੋ ਤੱਕੇ ।
ਮਨ ਨਿਰਮਲ ਤਨ ਉਜਲ ਹੋਵਨ ਮਨਮਤ ਝੇੜਾ ਛੱਡੇ ।
ਆਓ ਭਟਕ ਰਹੇ ਇਨਸਾਨੋ ਭੈਣੀ ਸਾਹਿਬ ਆਓ ।
ਚਰਨੀਂ ਲਗ ਕੇ ਤਪਦੇ ਹਿਰਦੇ ਠੰਢੇ ਠਾਰ ਬਣਾਓ ।
ਧੁੰਨੀ ਵਿਚ ਕਸਤੂਰੀ ਹੁੰਦਿਆਂ ਜੰਗਲਾਂ ਵਿਚ ਨਾ ਭਾਲੋ ।
ਰਾਮ ਸਰੋਵਰ ਦੇ ਵਿਚ ਆ ਕੇ ਆਪਣਾ ਆਪ ਹੰਘਾਲੋ ।
ਅਮਨ ਏਕਤਾ ਦੀ ਮਾਲਾ ਵਿਚ ਪਿਆਰ ਪਰੁੰਨਣਾ ਚਾਹੋ ।
ਭੈਣੀ ਸਾਹਿਬ ਵੱਲੇ ਹੋਕੇ ਮਨੋ ਕਦੂਰਤ ਲਾਹੋ ।
ਨਫ਼ਰਤ ਨਾਲ ਨਾ ਨਫ਼ਰਤ ਮਿਟਦੀ ਗੁਰ ਜਗਜੀਤ ਇਹ ਦੱਸਦੇ ।
ਉਸ ਅੰਦਰ ਰੱਬ ਵੱਸਦਾ ਹਰ ਦਮ ਪਿਆਰ ਜਿਦ੍ਹੇ ਵਿਚ ਵੱਸਦੇ ।
ਅੱਗ ਲਗੇ ਤਾਂ ਨਸਿਆਂ ਭਜਿਆਂ ਭਖਦੇਗੀ ਨਾ ਬੁਝਣੀ ।
ਇਸਨੂੰ ਸ਼ਾਂਤ ਕਰਨ ਲਈ ਏਦਾਂ ਵਿਓਂਤ ਕਦੇ ਨਾ ਸੁਝਣੀ ।
ਭੈਣੀ ਸਾਹਿਬ ਅਮਨ ਦੀ ਧਰਤੀ ਤੇ ਚੱਲੋ ਜੋ ਕਹੀਏ ।
ਜਿਸ ਦੇ ਮਨ ਦੀ ਅਗਨ ਬੁਝਾਣੀ ਉਸ ਦੇ ਚਰਨੀਂ ਪਈਏ ।
ਸੁਣ 'ਅਮਰੀਕ' ਭਟਕ ਨਾ ਐਵੇਂ ਨਾ ਕਰ ਸ਼ੱਕੇ ਰੱਖੇ ।
ਗੁਰ ਜਗਜੀਤ ਬਿਨਾ ਸੁਖ ਨਾਹੀਂ ਦਰ ਦਰ ਖਾ ਨਾ ਧੱਕੇ ।

ਪ੍ਰ: ਅਮਰੀਕ ਸਿੰਘ
ਅੰਮ੍ਰਿਤਸਰ ਕਲਾਂ

Sri Satguru Jagjit Singh Ji Elibrary NamdhariElibrary@gmail.com

# ਵਰਤਮਾਨ ਕਾਲ ਦੇ

ਨਾਮਧਾਰੀ ਪੰਥ ਦੇ ਰਹਿਬਰ, ਬਰਕਤਾਂ ਦੇ ਭੰਡਾਰ, ਰਹਿਮਤਾਂ ਦੇ ਦਾਤੇ ਕੁਲ ਸ੍ਰਿਸ਼ਟੀ ਦਾ ਭਲਾ ਲੋੜਨ ਵਾਲੇ, ਬੇਅੰਤ ਪਾਤਸ਼ਾਹ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੀ ਨੇ ਸੰਮਤ ੨੦੧੬ (ਸੰਨ 1959) ਤੋਂ ਲੈ ਕੇ ਹੁਣ ਤਕ ਜੋ ਪ੍ਰਗਤੀਸ਼ੀਲ ਵਿਹਾਰ ਕੀਤੇ ਹਨ ਜਾਂ ਹੁਣ ਨਿਰੰਤਰ ਕਰਦੇ ਜਾ ਰਹੇ ਹਨ, ਨਾਮਧਾਰੀ ਪੰਥ ਵਾਸਤੇ ਇਹ ਇਕ ਕਾਇਆ ਕਲਪ ਅਵਸਥਾ ਦੀ ਮਹੱਤਤਾ ਰਖਦੇ ਹਨ

(ਸੰਤ ਆਤਮਾ ਸਿੰਘ ਜੀ
ਸਰ: ਪਤੂਹੀ)

ਸੰਤ ਪ੍ਰੀਤਮ ਸਿੰਘ ਕਵੀ ਜੀ ਲਿਖਦੇ ਹਨ ਕਿ ਏਨੇ ਸਾਰੇ ਰੁਝੇਵਿਆਂ, ਮੁਹਿੰਮਾਂ ਅਤੇ ਅਨ-ਧਰਮੀਆਂ ਨਾਲ ਤਾਲ ਮੇਲ ਰਖਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਅਨੰਦ ਦੀ ਗੰਗਾ ਵਹਾਂਦੇ ਬੱਚਿਆਂ, ਬਿਰਧਾਂ, ਨੌਜਵਾਨਾਂ, ਮੁਟਿਆਰਾਂ ਅਤੇ ਵਿਹਾਰੀ ਖੁਭੇ ਜੋੜਿਆਂ ਨੂੰ ਧਰਮ-ਕਰਮ ਦ੍ਰਿੜਾਂਦੇ ਇਕ ਰਸ ਤੁਰੇ ਰਹਿੰਦੇ ਹਨ। ਭਾਵੇਂ ਕਿੰਨੀ ਹੀ ਆਰਾਮਦੇਹ ਮੋਟਰ ਥੱਲੇ ਹੋਵੇ, ਹਵਾਈ ਜਹਾਜ਼ ਕਿੰਨੀ ਵੀ ਤੇਜ਼ ਉਡਾਣ ਕਰ ਰਿਹਾ ਹੋਵੇ ਪਰ ਸਤਿਗੁਰੂ ਜੀ ਦੀ ਕੋਮਲ ਕਾਇਆ ਨੂੰ ਆਰਾਮ ਕਿੱਥੇ?

## ਉਡੀਕਵਾਨਾਂ ਦੀਆਂ ਬੇਬਹਾ ਭੀੜਾਂ ਪਿਆਰ ਭਰੇ ਹਿਰਦਿਆਂ ਨਾਲ ਅੱਖੀਆਂ ਚੁਕ ਚੁਕ ਉਨ੍ਹਾਂ ਰਾਹਾਂ ਵਲ ਵੇਖਦੀਆਂ ਹਨ ਜਿਨ੍ਹਾਂ ਤੋਂ ਹਿਰਦੇ ਸਮਰਾਟ ਸਤਿਗੁਰੂ ਜੀ ਆਉਂਦੇ ਹੋਣ

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

□ ਪ੍ਰੀਤਮ ਸਿੰਘ ਕਵੀ

ਪਰਮ ਸਤਿਕਾਰ ਯੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸਤਿਗੁਰੂ ਪ੍ਰਤਾਪ ਿਘ ਜੀ ਅਤੇ ਮਾਤਾ ਭੂਪਿੰਦਰ ਕੌਰ ਜੀ ਦੀ ਪ੍ਰਥਮ ਸੰਤਾਨ ਹਨ। ਆਪ ਆਯੂ ਦੇ ਤੋਂ ਇਸ ਸਮੇਂ (ਜਨਮ 20 ਨਵੰਬਰ 1920) 64 ਸਾਲ ਦੇ ਹਨ ਅਤੇ 25 ਸਾਲ ' ਗੁਰੂ ਨਾਨਕ ਪਰੰਪਰਾ ਅਨੁਸਾਰ ਸਿਖ ਜਗਤ ਦੀ ਅਗਵਾਈ ਕਰ ਰਹੇ ਹਨ। 9 ਸਾਲ ਆਪਜੀ ਨੇ ਸਿਖੀ ਜੀਵਨ ਵਿਚ ਰਹਿ ਸਿਦਕ, ਸੰਜਮ ਸਹਿਨਸ਼ੀਲਤਾ, ਮ੍ਰਤਾ, ਉਦਾਰਤਾ ਅਤੇ ਤਪਸਿਆ ਭਰਿਆ ਜੀਵਨ ਜੀਉ ਕੇ ਪਿਤਾ ਸਤਿਗੁਰੂ ਜੀ ੀ ਮਿਰਤੂ ਸਮੇਂ (1959 ਈ.) ਡੇਢ ਲਖ ਤੋਂ ਵਧ ਲੋਕਾਂ ਦੁਆਰਾ ਸਤਿਕਾਰ ਰਜਿਤ ਕਰਦਿਆਂ ਗੁਰਗਦੀ ਨੂੰ ਸਸ਼ੋਭਤ ਕੀਤਾ।

ਦੇਸ਼ ਅਤੇ ਵਿਦੇਸ਼ਾਂ ਦਾ ਲਖਾਂ ਕਿਲੋਮੀਟਰ ਭਰਮਣ ਕਰਕੇ ਜਗਤ ਜਲੰਦੇ ਨੂੰ ਪਜੀ ਨੇ ਇਕੋ ਗਲ ਦ੍ਰਿੜਾਈ ਹੈ ਕਿ ਕਲਜੁਗ ਵਿਚ ਨਾਮ ਦਾ ਆਧਾਰ ਹੀ ਨੁਖ-ਜੀਵਨ ਦਾ ਕਲਿਆਣ ਕਰਦਾ ਹੈ। ਹਰ ਇਨਸਾਨ ਨੂੰ ਆਪਣੀ ਅਸਥਾ ਨੁਸਾਰ ਇਕਾਗਰ ਮਨ ਹੋ ਰੋਜ਼ਾਨਾ ਵੀਧਵਤ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ। ਪਰਵਾਇਕ ਸਦਭਾਵਨਾ, ਆਚਰਣ ਦੀ ਸ਼ੁਧੀ ਅਤੇ ਸਚੇ ਮਨ ਨਾਲ ਜਨ ਸੇਵਾ ਜ ਸਮੇਂ ਦੀ ਲੋੜ ਹੈ।

ਸਤਿਗੁਰੂ ਜੀ ਨੇ ਗੁਰਗੱਦੀ ਸੁਸ਼ੋਭਿਮਾਨ ਹੁੰਦਿਆਂ ਹੀ ਗੁਰੂਆਂ ਦਾ ਆਦਰਸ਼ ਆਪ ਜਪੇ ਅਵਰਹੁ ਨਾਮ ਜਪਾਵੈ" ਅਪਨਾ ਲਿਆ ਅਤੇ ਐਸੀ ਪ੍ਰੇਰਨਾ ਦਿਤੀ ਕਿ ਸ ਆਪ ਜੀ ਦੀ ਹਜ਼ੂਰੀ ਵਿਚ ਹਜ਼ਾਰਾਂ ਲੋਕਾਂ ਨੂੰ ਇਕ ਚਿਤ ਹੋ ਨਾਮ ਸਿਮਰਨ ਰਦਿਆਂ ਵੇਖ ਸਕਦੇ ਹੋ। ਸਮੁਚੀ ਗੁਰਬਾਣੀ ਆਪਜੀ ਦੇ ਕੰਠਾਸਰ ਹੈ ਅਤੇ ਹਰ ਸ਼ਿ ਤੇ ਹਜ਼ਾਰਾਂ ਪ੍ਰਮਾਣ ਦਿਤੇ ਦਿਵਾਏ ਜਾ ਸਕਦੇ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ੀ ਇਸੇ ਪਰਕਾਰ ਆਪਦੀ ਜਿਹਬਾ ਤੇ ਹੈ।

ਗੁਰਮਤਿ ਸਿਮਰਨ ਅਤੇ ਸੰਗੀਤ ਦੇ ਸਤੰਭਾਂ ਤੇ ਉਸਰੀ ਹੋਈ ਹੈ। ਜਿਵੇਂ ਦੇ ਲੇ ਜਗਿਆਸੂ ਅਤੇ ਆਪਦੇ ਪੈਰੋਕਾਰ ਆਪਦੀ ਹਜ਼ੂਰੀ ਵਿਚ ਨਾਮ ਸਿਮਰਨ ਰਦੇ ਹਨ ਤਿਵੇਂ ਸੰਗੀਤ ਅੰਮ੍ਰਿਤ ਤੋਂ ਵੀ ਲਾਭਾਨਵਿਤ ਹੁੰਦੇ ਹਨ। ਸ਼ਾਸਤਰੀ ਸੰਗੀਤ ਆਪ ਪਰਮ ਗਿਆਤਾ ਹਨ। ਗਾਇਨ ਅਤੇ ਦਿਲਰੁਬਾ ਵਾਦਨ ਵਿਚ ਆਪਦੀ ਪਾਰ ਸਿਆਣਪ ਹੈ। ਸੁਰ ਅਤੇ ਤਾਲ ਦੇ ਗਿਆਨ ਦਾ ਇਹ ਕ੍ਰਿਸ਼ਮਾ ਹੈ ਕਿ ਆਪ ਕ ਚਕਰ ਵਿਚ 7, ਦੂਜੇ ਵਿਚ 9, ਤੀਜੇ ਵਿਚ 11 ਅਤੇ ਚੌਥੇ ਵਿਚ 13 ਮਾਤਰਾਂ ਕ ਵਖਾ ਸਕਦੇ ਹਨ। ਆਪਜੀ ਨੇ ਆਪਣਾ ਇਹ ਗਿਆਨ, ਸਮੇਤ ਸਵਾਈ, ੜਿਉਢੀ, ਪੌਣੀ ਮਾਤਰਾ ਵਿਚ ਰਿਹਾਈਆਂ ਦੇ, ਸਿਖ ਕਲਾਕਾਰ ਬੱਚਿਆਂ ਵਿਚ ਜਿਆ ਹੈ।

"ਅਲਪ ਅਹਾਰ, ਸੁਅਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤਿ" ਅਤੀਤ ਗੁਆਂ ਵਾਲੀ ਸੁਭਾਵਕ ਬਿਰਤੀ ਦੇ ਧਾਰਣੀ ਹੁੰਦਿਆਂ ਗ੍ਰਿਸਤੀਆਂ ਅਤੇ ਗ੍ਰਿਸਤ ਵਿਚ ਹਿੰਦੇ "ਜੈਸੇ ਜਲ ਮਹਿ ਕਮਲ ਨਿਰਾਲਮ" ਦੀ ਅਵਸਥਾ ਵਾਲੇ ਹਨ। ਲਖਾਂ ਵਕ, ਕਰੋੜਾਂ ਦੀ ਜਾਇਦਾਦ, ਸੇਵਾ ਸਤਿਕਾਰ ਅਤੇ ਅਠੇ ਪਹਿਰ ਸੁਆਗਤਾਂ, ਰਾਂ ਅਤੇ ਹਵਾਈ ਸਫਰਾਂ ਵਿਚ ਰਹਿੰਦਿਆਂ ਆਪ ਚਿੱਤ ਦੇ ਵਿਸ਼ਾਲ, ਨਿੰਦਾ ਸਤਤੀ ਤੋਂ ਉਪਰ ਅਤੇ ਸਾਦਾ ਖਾਨ ਪਾਨ ਪਹਿਰਾਨ ਦੇ ਆਦਰਸ਼ ਹਨ।

ਜਿਸ ਨਾਮਧਾਰੀ ਸਮਾਜ ਦੀ ਸਤਿਗੁਰੂ ਜਗਜੀਤ ਸਿੰਘ ਜੀ ਸਿੱਧੀ ਾਹਨੁਮਾਈ ਕਰਦੇ ਹਨ ਉਸਨੂੰ ਆਪ ਨੇ ਪਿਛਲੇ ਪੰਝੀ ਸਾਲਾਂ ਵਿਚ ਹੇਠਲੀ ਸਤਰ ' ਉਠਾ ਕੇ ਬਹੁਤ ਉਪਰ ਲੈ ਆਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਉਤਰੀ ਭਾਰਤ ਵਿਚ ਸਭ ਤੋਂ ਪਹਿਲਾਂ (1857 ਈ.) ਸੁਤੰਤਰਤਾ ਅੰਦੋਲਨ ਜਾਰੀ ਕੀਤਾ ਸੀ ਜਿਸਦਾ ਆਧਾਰ ਸੀ ਬਰਤਾਨਵੀ ਰਾਜ ਦੀਆਂ ਤਮਾਮ ਨੈਮਤਾਂ ਦਾ ਬਾਈਕਾਟ। ਡਾਕ ਤਾਰ, ਤਾਲੀਮ, ਕਚਹਿਰੀ, ਨੌਕਰੀ ਕਿਉਂਕਿ ਵਿਦੇਸ਼ੀ ਤੰਤਰ ਅਧੀਨ ਕਰਦੀਆਂ ਅਤੇ ਉਹਦੀਆਂ ਸਾਮਰਾਜੀ ਲੋੜਾਂ ਦੀਆਂ ਪੂਰਕ ਸਨ, ਸੋ ਇਹਨਾਂ ਦਾ ਮੁਕੰਮਲ ਬਾਈਕਾਟ। ਸਾਦਾ ਸ਼ੁਧ ਭਾਰਤੀ ਦਸਤਰਾਂ ਤੇ ਵਸਤਾਂ ਦਾ ਉਪਯੋਗ। ਇਹੋ ਆਧਾਰ ਪਿਛੋਂ ਜਾਕੇ ਮਹਾਤਮਾ ਗਾਂਧੀ ਜੀ ਦੀ ਅਗਵਾਈ ਵਿਚ ਇੰਡਿਅਨ ਨੈਸ਼ਨਲ ਕਾਂਗ੍ਰਸ ਨੇ ਅਪਨਾਏ। ਨਾਮਧਾਰੀਆਂ ਨੇ ਬ੍ਰਿਟਿਸ਼ ਸਾਮਰਾਜ ਦੇ ਖਿਲਾਫ ਲੜਾਈ ਲੜਦਿਆਂ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਿਰੰਤਰ ਭਾਰਤੀਅਤਾ ਦਾ ਝੰਡਾ ਉਚਾ ਉਠਾਈ ਰਖਿਆ। ਸਮੂਹਿਕ ਜਤਨਾ ਦੇ ਸਿਟੇ 1947 ਈ. ਵਿਚ ਜਦੋਂ ਭਾਰਤ ਨੂੰ ਅਜ਼ਾਦੀ ਮਿਲੀ ਤਦੋਂ ਨਾਮਧਾਰੀਆਂ ਲਈ ਬਾਕੀ ਸਮਾਜਾਂ ਨਾਲ ਕਦਮ ਮਿਲਾ ਕੇ ਚਲਣਾ ਦੁਸ਼ਵਾਰ ਸੀ। ਬਰਤਾਨਵੀ ਸ਼ਾਸਨ ਦੀਆਂ ਜ਼ਿਆਦਤੀਆਂ, ਜਾਇਦਾਦ ਜ਼ਬਤੀਆਂ ਅਤੇ ਤਾਲੀਮ ਵਲੋਂ ਪਛਾੜ ਨੇ ਨਾਮਧਾਰੀ ਸਮਾਜ ਨੂੰ ਨਵੇਂ ਸਿਰਿਉਂ ਆਪਣੀ ਤਾਕਤ ਨੂੰ ਮਜ਼ਬੂਤ ਕਰਕੇ ਅਗੇ ਵਧਣ ਲਈ ਮਜਬੂਰ ਕਰ ਦਿਤਾ। ਇਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਾਹਨੁਮਾਈ ਨੇ ਦੇਸ਼ ਦੀ ਆਰਥਕ ਪ੍ਰਗਤੀ ਵਿਚ ਭਾਈਵਾਲ ਬਣਨ ਲਈ ਭਰਪੂਰ ਸਹਾਇਤਾ ਕੀਤੀ।

ਅੱਜ ਨਾਮਧਾਰੀ ਹਰ ਖੇਤਰ ਵਿਚ ਮਾਣਯੋਗ ਪ੍ਰਾਪਤੀਆਂ ਦੇ ਮਾਲਿਕ ਹਨ। ਪਿੰਡਾਂ ਵਿਚ ਵਸਦੇ ਕਿਸਾਨਾਂ ਨੂੰ ਸਤਿਗੁਰੂ ਜੀ ਦੁਆਰਾ ਉਦਮ ਅਤੇ ਨਵੀਂ ਕਿਸਮ ਦੇ ਬੀਜਾਂ ਨਾਲ ਖੇਤੀ ਬਾੜੀ ਦੀ ਪੈਦਾਵਾਰ ਵਧਾਣ ਦੀ ਪ੍ਰੇਰਨਾ ਮਿਲਦੀ ਹੈ। ਵਧੇਰੇ ਖੇਤੀ ਖੇਤਰ ਵਿਚ ਬਾਗਬਾਨੀ ਰਾਹੀਂ ਆਰਥਕਤਾ ਉਚੇਰੀ ਕਰਨ ਲਈ ਉਤਸਾਹਤ ਕੀਤਾ ਜਾਂਦਾ ਹੈ। ਜ਼ਿਲਾ ਸਿਰਸਾ, ਇਲਾਕਾ ਜੀਵਨ ਨਗਰ ਦੇ ਪਿੰਡਾਂ ਵਿਚ ਸੜਕਾਂ ਦੀ ਮੁਢਲੀ ਉਸਾਰੀ ਕਰਵਾ ਕੇ ਸਤਿਗੁਰੂ ਜੀ ਨੇ ਹਰਿਆਣਾ ਸਰਕਾਰ ਅਤੇ ਦਿਹਾਤੀ ਵਸੋਂ ਨੂੰ ਸੁਖ ਸਾਧਨ ਮੁਹਈਆ ਕੀਤਾ। ਸਰਕਾਰਾਂ ਤਾਂ ਪਿੰਡਾਂ ਦੇ ਵਿਕਾਸ ਦੀਆਂ ਗੱਲਾਂ ਕਰਦੀਆਂ ਹੀ ਰਹਿੰਦੀਆਂ ਹਨ। ਸਤਿਗੁਰੂ ਜੀ ਵਲੋਂ ਦਿਤੇ ਗਏ ਉਤਸ਼ਾਹ ਅਤੇ ਸਹਿਯੋਗ ਨੇ ਚੰਗੇਰੀ ਕਿਸਮ ਦੀਆਂ ਗਊਆਂ-ਮਝਾਂ ਜੀਵਨ ਨਗਰ ਇਲਾਕੇ ਦੇ ਹਰ ਘਰ ਦਾ ਸ਼ਿੰਗਾਰ ਬਣਾ ਦਿਤੀਆਂ ਹਨ।

ਪਿੰਡਾਂ ਵਿਚ ਸਨਅਤਕਾਰੀ ਅਤੇ ਮੰਡੀ ਕਰਣ ਨੂੰ ਵੀ ਸਤਿਗੁਰੂ ਜੀ ਦੀ ਪਹਿਲ ਕਦਮੀ ਨੇ ਹੀ ਉਤਸਾਹਤ ਕੀਤਾ।

ਨਾਮਧਾਰੀ ਹੈਡ ਕੁਆਰਟਰਾਂ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਚ ਸੁਨਿਯੋਜਿਤ ਪਸ਼ੂ ਸ਼ਾਲਾਵਾਂ ਨੇ ਸਾਹੀਵਾਲ ਅਤੇ ਹਰਿਆਣਾ ਨਸਲ ਦੀਆਂ ਗਊਆਂ ਤੋਂ ਦੁਧ ਪ੍ਰਾਪਤੀ ਸਾਰੇ ਦੇਸ਼ ਤੋਂ ਵਧੇਰੇ ਕਾਇਮ ਰਖੀ ਹੈ। ਦੇਵੇਂ ਦੀਆਂ ਮਝਾਂ ਵੀ ਦੁਧ ਉਪਜ ਵਲੋਂ ਸਦਾ ਅਗਵਾਈ ਵਿਚ ਰਹੀਆਂ ਹਨ। ਇਹ ਗਲ ਵੀ ਜ਼ਿਕਰਯੋਗ ਹੈ ਕਿ 1961 ਵਿਚ ਸ੍ਰੀ ਸਤਿਗੁਰੂ ਜੀ ਨੂੰ ਇਹਨਾਂ ਦੀਆਂ ਪਸ਼ੂ ਧਨ ਵਿਚ ਸ਼ਖਰ ਯੋਗ ਪ੍ਰਾਪਤੀਆਂ ਸਦਕਾ ਸਰਕਾਰੀ ਤੌਰ ਤੇ "ਗੋਪਾਲ ਰਤਨ" ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ।

ਸ਼ਹਿਰੀਂ ਵਸਦੇ ਨਾਮਧਾਰੀਆਂ ਨੂੰ ਸਤਿਗੁਰੂ ਜੀ ਵਲੋਂ ਹੋਰ ਵਧੇਰੇ ਅਗੇ ਵਧਨ ਲਈ ਹਲਾ ਸ਼ੇਰੀ ਦਿਤੀ ਗਈ। ਇਹੋ ਵਜਾਹ ਹੈ ਕਿ ਸੁਤੰਤਰਤਾ ਪ੍ਰਾਪਤੀ ਸਮੇਂ ਉਜੜ ਕੇ ਆਏ ਨਾਮਧਾਰੀ, ਦਿਹਾੜੀ ਦੱਪੇ ਅਤੇ ਦਫਤਰਾਂ ਦੀਆਂ

ਰਕੀਆਂ ਤੋਂ ਸ਼ੁਰੂ ਹੋਕੇ ਅੱਜ ਆਮ ਕਰਕੇ ਫੈਕਟਰੀਆਂ, ਕਲ-ਕਾਰਖਾਨਿਆਂ ! ਵਡੇ ਵਡੇ ਵਿਹਾਰਾਂ ਵਿਚ ਲਖਾਂ ਦੇ ਕਾਰੋਬਾਰੀ ਬਣ ਗਏ ਹਨ। ਦਿਲੀ, ਰਾਬਾਦ, ਔਰੰਗਾਬਾਦ, ਪਟਨਾ, ਬਨਾਰਸ, ਮੰਡੀ, ਲੁਧਿਆਣਾ, ਅੰਮ੍ਰਿਤਸਰ, ਗਰ, ਸਰਸਾ ਅਤੇ ਇਲਾਕਾ ਜੀਵਨ ਨਗਰ ਆਦਿ ਸਥਾਨਾਂ-ਤੇ ਸਤਿਗੁਰੂ ਜੀ ਦੀ ਰ ਛਾਇਆ ਹੇਠ ਦੇਸ ਦੀ ਆਰਥਕ ਪ੍ਰਗਤੀ ਵਿਚ ਨਾਮਧਾਰੀ ਸਿਖ ਆਪਣਾ ਨਾ ਪਾ ਰਹੇ ਹਨ।

ਨਾਮਧਾਰੀਆਂ ਵਿਚ ਵਿਦਿਆ ਦਾ ਪਚਰੇਵਾਂ ਸਤਿਗੁਰੂ ਜੀ ਵਲੋਂ ਸਦਾ ਹੀ ਆਨ ਵਿਚ ਲਿਆਂਦਾ ਗਿਆ ਅਤੇ ਅਜ ਅਨੇਕਾਂ ਸਕੂਲ ਸਿਧੇ ਤੌਰ ਤੇ ਮਧਾਰੀਆਂ ਦੀ ਅਗਵਾਈ ਹੇਠ ਚਲ ਰਹੇ ਹਨ। ਮੰਡੀ (ਹਿਮਾਚਲ), ਭੈਣੀ ਹਿਬ, ਸੰਤ ਨਗਰ, ਸ੍ਰੀ ਜੀਵਨ ਨਗਰ (ਸਰਸਾ) ਮਹਾਂਵਿਦਿਆਲਾ ਅਤੇ ਨਾਮਧਾਰੀ ਲਜ ਹੋਂਦ ਵਿਚ ਆ ਗਏ ਹਨ। ਅਜੋਕੀ ਪੱਧਤੀ ਦੀ ਅੰਗ੍ਰੇਜ਼ੀ ਤਾਲੀਮ, ਪਰ ਹਣ ਸਹਿਣ ਦਾ ਸੁਦੇਸ਼ੀ ਢੰਗ ਅਤੇ ਭਾਰਤੀ ਸਭਿਆਚਾਰ ਨੂੰ ਬਣਾਈ ਰਖਣ ਲਈ ਲੀ ਵਿਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਸ੍ਰੀ ਸਤਿਗੁਰੂ ਜੀ ਦੀ ਤਨਾ ਦਾ ਹੀ ਸਿਟਾ ਹੈ।

ਨਾਮਧਾਰੀ ਬਚਿਆਂ ਵਿਚ ਖੇਡਾਂ ਅਤੇ ਸਰੀਰਕ ਕਸਰਤਾਂ ਨੂੰ ਪ੍ਰਫੁਲਤ ਕਰਨ ਸਤੇ ਸਚੇ ਪਾਤਸ਼ਾਹ ਜੀ ਨੇ ਆਪਣੇ ਭਾਈ ਮਹਾਰਾਜ ਬੀਰ ਸਿੰਘ ਜੀ ਦੇ ਸਾਹਿਬ-ਦਿਆਂ, ਠਾਕੁਰ ਦਲੀਪ ਸਿੰਘ ਜੀ ਅਤੇ ਠਾਕੁਰ ਉਦੈ ਸਿੰਘ ਜੀ ਦੀ ਸਰਦਾਰੀ ਹੇਠ ਰ ਹਾਕੀ ਟੀਮ ਅਤੇ ਜਿਮਨਾਸਟਿਕ ਦੇ ਖਿਡਾਰੀਆਂ ਦਾ ਜਥਾ ਤਿਆਰ ਕਰਵਾਇਆ ਜਿਹੜੇ ਭਜਨ ਬੰਦਗੀ ਕਰਦੇ, ਸੁਦੇਸ਼ੀ ਪਹਿਨਦੇ ਵਡੇ ਵਡੇ ਮੁਕਾਬਲੇ ਜਿਤ ਰਹੇ ਨ। ਅਤੇ ਦੂਰ ਦੇਸ਼ਾਂ ਤਕ ਨਾਮਵਣਾਂ ਖੱਟ ਆਏ ਹਨ। ਇਹਨਾਂ ਖਿਡਾਰੀਆਂ ਵੀ ਮਧਾਰੀ ਨਾਂ ਨੂੰ ਉਚੇਰਿਆਂ ਕੀਤਾ ਹੈ।

ਸੰਗੀਤ ਤਾਂ ਸਤਿਗੁਰੂ ਜੀ ਦੇ ਰੂਹ ਦੀ ਖੁਰਾਕ ਹੈ। ਆਪਜੀ ਨੇ ਚੋਖਾ ਧਨ ਤੇ ਧਿਆਨ ਖਰਚ ਕੇ ਭਾਰਤ ਦੀਆਂ ਪ੍ਰਮੁਖ ਸੰਗੀਤਕਾਰ ਹਸਤੀਆਂ ਪਾਸੋਂ ਨਾਮਧਾਰੀ ਰਿਆਂ ਨੂੰ ਗਾਇਨ ਅਤੇ ਵਾਦਨ ਸਿਖਾਇਆ ਹੈ। ਸਾਰੇ ਬਚੇ ਹੀ ਰੇਡੀਓ, ਟੀ.ਵੀ. ਸੰਗੀਤ ਮੁਕਾਬਲਿਆਂ ਦੇ ਜੇਤੂ ਹਨ। ਇਹਨਾਂ ਨੂੰ ਦੇਸ਼ ਅਤੇ ਦੁਨੀਆਂ ਵਿਚ ਪੇਸ਼ ਰਨ ਹਿਤ, ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸ਼ਾਸਤਰੀ ਸੰਗੀਤ ਸੰਮੇਲਨ ਕਰਵਾਏ ਏ ਜਿਨ੍ਹਾਂ ਤੇ ਭਾਵੇਂ ਲਖਾਂ ਰੁਪਏ ਦਾ ਖਰਚ ਉਠਿਆ ਪਰ ਸਰੋਤਿਆਂ ਤੋਂ ਇਕ ਪੈ ਦੀ ਟਿਕਟ ਵੀ ਨਹੀ ਲਾਈ ਗਈ। ਜਲੰਧਰ, ਦਿਲੀ, ਲਖਨਊ, ਬੰਬਈ, ਰੰਗਾਬਾਦ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਇੰਗਲੈਂਡ, ਕੀਨੀਆ ਅਤੇ ਨਜ਼ਾਨੀਆ ਆਦਿ ਦੇ ਸੰਗੀਤ ਸਮੇਲਨਾਂ ਵਿਚ ਨਾਮਧਾਰੀ ਬਚਿਆਂ ਨੇ ਸੋਭਾ ਪਤ ਕੀਤੀ। ਸੰਗੀਤ ਜਗਤ ਵਿਚ ਸਾਡੇ ਸੰਗੀਤ ਸਮੇਲਨਾ ਨੇ ਜਿਥੇ ਸਤਿਗੁਰੂ ੀ ਦਾ ਨਾਮ ਉਚਾ ਕੀਤਾ, ਬਚਿਆਂ ਨੂੰ ਮਾਣ ਦਿਵਾਇਆ ਓਥੇ ਨਾਮਧਾਰੀ ਸਮਾਜ ੀ ਪ੍ਰਭਤਾ ਦਾ ਵੀ ਡੰਕਾ ਵਜਿਆ।

ਸਤਿਗੁਰੂ ਜੀ ਦੀ ਕੋਈ ਵੀ ਆਗਿਆ ਸਿਖਾਂ ਸੇਵਕਾਂ ਲਈ ਆਸ਼ੀਰਵਾਦ ਵੇ ਰ ਸਮਝੀ ਜਾਂਦੀ ਹੈ। ਇਕੱਲਾ ਇਕੱਲਾ ਸਿਖ ਅਤੇ ਕਾਰੋਬਾਰੀ ਸਮੂਹ ਆਪਜੀ ਹੁਕਮ ਤੇ ਲਖਾਂ ਰੁਪੇ ਖਰਚ ਵਾਲੀਆਂ ਕਾਨਫ੍ਰੰਸਾਂ ਕਰਵਾ ਸਕਦੇ ਹਨ। ਪਿਛਲੇ ਲ ਪੰਜਾਬ ਦੇ ਕੁਛ ਲੇਖਕ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਣ ਲਈ ਸੇਵਾ ਚ ਉਪਸਥਿਤ ਹੋਏ ਤਾਂ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਦੇ ਨਾਮਧਾਰੀਆਂ ਖਾਂ ਰੁਪੇ ਖਰਚ ਕੇ ਇਸ ਕੌਮਾਂਤਰੀ ਕਾਨਫਰੰਸ ਨੂੰ ਸਫਲ ਬਣਾਇਆ।

ਸਤਿਗੁਰ ਜੀ ਦੇ ਸਮੇਂ ਵਿਚ ਸਿਖੀ ਨੂੰ ਨਾ ਸਿਰਫ ਉਤਸ਼ਾਹ ਹੀ ਮਿਲਿਆ ਕੋਂ ਇਸ ਦਾ ਵਿਕਾਸ ਵੀ ਖੂਬ ਹੋਇਆ। ਸਤਿਗੁਰੂ ਜੀ ਤਾਂ ਸੰਸਾਰ ਦੇ ਪੰਜਾਂ ਮਹਾ ਾਂ ਵਿਚ ਸੁਚਾਰਕ ਰੂਪ ਵਿਚ ਹੀ ਭਾਰਤੀ ਸੰਸਕ੍ਰਿਤੀ, ਸਿਖ ਮਤ ਦੇ ਪ੍ਰਤੀਨਿਧ ਕੇ ਅਗਵਾਈ ਕਰਤਾ ਹਨ। ਦੁਬਈ, ਕੁਵੈਤ, ਥਾਈਲੈਂਡ, ਸਿੰਘਾਪੁਰ, ਨੀਆ, ਤਨਜ਼ਾਨੀਆ, ਇੰਗਲੈਂਡ, ਜਰਮਨੀ, ਡੈਨਮਾਰਕ, ਅਮਰੀਕਾ ਅਤੇ ਨੇਡਾ ਆਦਿ ਦੇਸਾਂ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਨਾਮਧਾਰੀ ਚੰਗੇ ਸ਼ਹਿਰੀਆਂ

ਦੇ ਤੌਰ ਤੇ ਆਦਰ ਪ੍ਰਾਪਤ ਕਰਦੇ ਆਪਣੇ ਕਾਰੋਬਾਰੀਂ ਜੁਟੇ ਹੋਏ ਹਨ। ਨਾਮਧਾਰੀਆਂ ਨੇ ਬਹੁਤ ਸਾਰੇ ਦੇਸ਼ਾਂ ਅਤੇ ਇਹਨਾਂ ਦੇ ਮੁਖ ਸ਼ਹਿਰਾਂ ਵਿਚ ਆਪਣੇ ਆਰਾਧਨਾ-ਸਥਾਨ ਬਣਾਏ ਹੋਏ ਹਨ ਜਿਥੇ ਮਿਲ ਬੈਠਕੇ ਕੀਰਤਨ, ਭਜਨ ਬੰਦਗੀ ਅਤੇ ਸਮਾਜਕ ਸਮਾਰੋਹ ਕੀਤੇ ਕਰਵਾਏ ਜਾਂਦੇ ਹਨ। ਸਤਿਗੁਰੂ ਜੀ ਬਦੇਸਾਂ ਵਿਚ ਸਮੂਚੇ ਭਾਰਤੀਆਂ ਨੂੰ ਪਰਸਪਰ ਸਹਿਯੋਗ ਲੈਣ ਦੇਣ ਤੋਂ ਇਲਾਵਾ ਦੇਸਾਂ ਦੇ ਮੂਲ ਨਿਵਾਸੀਆਂ ਨਾਲ ਸਨੇਹ ਸਤਿਕਾਰ ਰਖਣ ਲਈ ਪ੍ਰੇਰਦੇ ਰਹਿੰਦੇ ਹਨ। ਦੇਸਾਂ ਵਿਦੇਸ਼ਾਂ ਵਿਚ ਨਾਮਧਾਰੀ ਪਹਿਰਾਵੇ ਨੂੰ ਵੀ ਆਪ ਨੇ ਮਕਬੂਲ ਕੀਤਾ ਕਰਵਾਇਆ ਹੈ।

ਸਮੇਂ ਨੇ ਸਤਿਗੁਰੂ ਜੀ ਨੂੰ ਇਸ ਗਲ ਦਾ ਵੀ ਸੁਭਾਗ ਦਿਤਾ ਹੈ ਕਿ ਜਿਨ੍ਹਾਂ ਅੰਗ੍ਰੇਜ਼ਾਂ ਨੇ ਕਦੇ ਸਾਰੀ ਦੁਨੀਆਂ ਵਿਚ ਰਾਜ ਕੀਤਾ ਸੀ, ਜਿਨ੍ਹਾਂ ਵਾਸਤੇ ਮਸ਼ਹੂਰ ਸੀ ਕਿ ਉਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਡੁਬਦਾ ਅਤੇ ਜਿਨ੍ਹਾਂ ਨਾਮਧਾਰੀ ਤਹਿਰੀਕ ਨੂੰ ਸਦਾ ਲਈ ਨੇਸਤੋਨਾਬੂਤ ਕਰਨ ਲਈ ਉਸਦੇ ਆਗੂ ਅਤੇ ਬਾਨੀ ਗੁਰੂ ਰਾਮ ਸਿੰਘ ਜੀ ਨੂੰ 1872 ਵਿਚ ਜਲਾਵਤਨ ਕਰ ਨਜ਼ਰਬੰਦੀ ਵਿਚ ਰਖਿਆ ਉਹਨਾਂ ਦੇ ਘਰ ਜੋ ਜਾਕ ਪਿਛੋਂ ਪਹੁੰਚ ਕੇ ਆਪਣੀ ਹੋਂਦ ਦੀ ਸ਼ਤਾਬਦੀ ਮਨਾ ਆਏ। ਲੰਡਨ ਦੇ ਈਲਿੰਗ ਹਾਲ ਵਿਚ ਉਥੋਂ ਦੇ ਮੇਅਰ ਦੇ ਸਨਮੁਖ ਜੋ ਪਰਮ ਸਤਿਕਾਰ ਤੇ ਉਤਸ਼ਾਹ ਵਲਾਇਤ ਦੇ ਨਾਮਧਾਰੀਆਂ ਨੇ ਸਤਿਗੁਰੂ ਜੀ ਨੂੰ ਦਿਤਾ, ਇਸਦੀ ਸਲਾਹੁਤ ਲੰਡਨ ਦੇ ਮੇਅਰ ਨੇ ਵੀ ਕੀਤੀ।

ਸ਼ਤਾਬਦੀ ਸਾਲ ਨੂੰ ਸਤਿਗੁਰੂ ਜੀ ਨੇ ਹਰ ਖੇਤਰ ਵਿਚ ਨਵੇਂ ਕਦਮ ਵਧਾ ਕੇ ਮਨਾਇਆ। ਭਾਰਤ ਵਿਚ ਅਨੰਦਪੁਰ ਵਿਖੇ 1971 ਦਾ ਹੋਲਾ "ਸ਼ਤਾਬਦੀ ਹੋਲਾ" ਸੀ। ਪਿੰਡ ਢੱਠੇ ਜ਼ਿਲਾ ਫੀਰੋਜ਼ਪੁਰ (ਅਜਕਲ ਫਰੀਦਕੋਟ) ਵਿਚ ਅਨੰਦ ਸ਼ਤਾਬਦੀ ਸਮੇਂ 149 ਜੋੜਿਆਂ ਦੇ ਅਨੰਦ ਕਾਰਜ ਕੀਤੇ ਗਏ, ਜਿਨ੍ਹਾਂ ਨੂੰ ਵੇਖਣ ਲਈ ਦੇਸ਼ ਵਿਦੇਸ਼ ਦੇ ਹਜ਼ਾਰਾਂ ਨਾਗਰਿਕ ਜੁੜੇ। ਸ਼ਹੀਦਾਂ ਦੀ ਯਾਦ ਵਿਚ ਵੀ, ਸ਼ਤਾਬਦੀ ਸਮਾਰੋਹ ਹੋਏ। ਸੂਬਾ ਸਾਹਿਬ ਸਿੰਘ ਨੂੰ ਸ਼ਤਾਬਦੀ ਸ਼ਰਧਾਂਜਲੀ ਹਜ਼ਾਰੀ ਬਾਗ ਵਿਖੇ ਸਾਲਾਨਾ ਮੇਲੇ ਅਤੇ ਨਿਰੰਤਰ ਭਜਨ ਬਾਣੀ ਜਾਰੀ ਕਰਕੇ ਦਿਤੀ ਗਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿਖੀ ਨੂੰ ਬਚਾਈ ਤੇ ਪ੍ਰਫੁਲਤ ਰਖਣ ਲਈ ਜਿਥੇ ਹੋਰ ਕਈ ਤਰੀਕੇ ਅਪਣਾਏ ਹਨ ਓਥੇ ਇਹ ਵੀ ਹੈ ਕਿ ਜੋ ਪਿਤਾ ਕੁਝ ਭਾਵੇਂ ਟੇਢੇ ਹਨ ਤਾਂ ਪੁਤਰਾਂ ਨੂੰ ਆਪਣੇ ਪਿਆਰ ਦੀ ਕਮੰਦ ਪਾ ਨੇੜੇ ਕਰ ਲਿਆ ਤੇ ਸਿਧੀਆਂ ਦਸਤਾਰਾਂ ਨਾਲ ਉਨ੍ਹਾਂ ਦੀ ਸਾਂਝ ਪੁਆ ਦਿਤੀ ਹੈ। ਸ਼ਹੀਦ ਪਰਵਾਰਾਂ ਦੇ ਖਾਨਦਾਨ ਤਲਾਸ਼ ਕਰਕੇ, ਜੋ ਅੰਗ੍ਰੇਜ਼ ਦੇ ਦਬਾਉ ਚਕਰ ਅਧੀਨ ਕਿਸੇ ਤਰਾਂ ਦੂਰ ਚਲੇ ਗਏ ਸਨ, ਮੁੜਕੇ ਆਪਣੇ ਸੰਗ ਵਿਚ ਲਿਆਂਦਾ ਹੈ।

ਸਤਿਗੁਰੂ ਜੀ ਭਾਰਤ ਦੀ ਨਿਰਵਿਵਾਦ ਸਤਿਕਾਰਤ ਹਸਤੀ ਹਨ। ਵਿਦੇਸ਼ਾਂ ਵਿਚ ਆਪਜੀ ਨੂੰ ਸਾਕਾਹਾਰੀਆਂ ਅਤੇ ਸੰਸਾਰ ਸ਼ਾਂਤੀ ਸੰਗਰਾਮੀਆਂ ਦਾ ਵੱਡਾ ਹਿਮਾਇਤੀ ਮੰਨਿਆ ਜਾਂਦਾ ਹੈ। ਨਾਮਧਾਰੀਆ ਨੇ ਸਤਿਗੁਰੂ ਜੀ ਦੀ ਅਗਵਾਈ ਹੇਠ ਵਿਦੇਸ਼ਾਂ ਵਿਚ ਅਨੇਕਾਂ ਸ਼ਾਕਾਹਾਰੀ ਕਾਨਫਰੰਸਾਂ ਅਤੇ ਸੰਸਾਰ ਅਮਨ ਨਾਲ ਸੰਬੰਧਤ ਇਕਠਾਂ ਵਿਚ ਭਾਗ ਲਿਆ ਹੈ। ਜਦੋਂ ਜਿਸ ਪ੍ਰਕਾਰ ਦੀ ਸਹਾਇਤਾ ਮੰਗੀ ਹੈ, ਮੁਹਈਆ ਕੀਤੀ ਗਈ ਹੈ।

ਸੰਸਾਰ ਵਿਚ ਹੋ ਰਹੀ ਗਿਆਨ ਵਿਗਿਆਨ ਦੀ ਪ੍ਰਗਤੀ ਵਲ ਸਤਿਗੁਰੂ ਜੀ ਨੇ ਸੁਚੇਤ ਰੂਪ ਵਿਚ ਦਿਲਚਸਪੀ ਲੈਂਦਿਆਂ ਸਦਾ ਹੀ ਅਧਿਆਤਮਕ ਮੁਲਾਂ ਦੀ ਉਚਤਾ ਨੂੰ ਬਰਕਰਾਰ ਰਖਿਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੁਖ ਨਿਵਾਸ ਸਥਾਨ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ, ਪੰਜਾਬ ਹੈ। ਸਵਾ ਸਦੀ ਪਹਿਲਾਂ ਏਥੋਂ ਹੀ ਭਾਰਤ ਵਿਚ ਬਰਤਾਨਵੀ ਸਰਕਾਰ ਦੇ ਖਿਲਾਫ ਲਲਕਾਰ ਉਠੀ ਸੀ ਅਤੇ ਇਸ ਸਥਾਨ ਨੂੰ ਸਿਰ ਝੁਕਾਉਣ ਵਾਲਿਆਂ 17-18 ਜਨਵਰੀ 1872 ਨੂੰ ਗਊ ਗਰੀਬ ਅਤੇ ਦੇਸ਼ ਹਿਤ ਚੁੱਕੇ ਕਦਮਾਂ ਦੀ ਸਜ਼ਾ ਵਜੋਂ ਮਲੇਰ ਕੋਟਲੇ ਵਿਖੇ ਤੋਪਾਂ ਅਗੇ ਉਡ ਜਾਣਾ ਪਰਵਾਨ ਕੀਤਾ ਸੀ। ਅਜ ਵੀ ਨਾਮਧਾਰੀ ਸ੍ਰੀ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ, ਦੇਸ਼ ਦੀ ਮੁਖਧਾਰਾ ਨਾਲ ਜੁੜੇ ਹੋਏ ਭਾਰਤ ਦੀ ਸੁਤੰਤਰਤਾ ਦੀ ਪ੍ਰਪਤੀ ਲਈ ਸੁਲਾਘਾਯੋਗ ਰੋਲ ਅਦਾ ਕਰ ਰਹੇ ਹਨ

# ਹਾਜ਼ਰਾ ਹਜ਼ੂਰ ਸਤਿਗੁਰੂ

ਇਤਿਹਾਸ ਪੜ੍ਹਨ ਵਾਲੇ ਸਭ ਜਾਣਦੇ ਹਨ ਕਿ ਕਿਸੇ ਸਮੇਂ ਹਿੰਦੋਸਤਾਨ ਦਾ ਰਾਜ ਅਸ਼ੋਕ ਸੀ ਅਤੇ ਇਹ ਵੀ ਸਾਰੇ ਜਾਣਦੇ ਹਨ ਕਿ ਕਿਸੇ ਸਮੇਂ ਹਿੰਦੋਸਤਾਨ ਦੇ ਰਾਜ ਦੀ ਵਾਗਡੋਰ ਔਰੰਗਜ਼ੇਬ ਦੇ ਹਥ ਸੀ ਅਤੇ ਇਹ ਵੀ ਕਿਸੇ ਤੋਂ ਛੁਪੀ ਹੋਈ ਗਲ ਨਹੀਂ ਕਿ ਅਜ ਤੋਂ ਤਕਰੀਬਨ 46 ਸਾਲ ਪਹਿਲਾਂ ਹਿੰਦੋਸਤਾਨ ਵਿਚ ਅੰਗਰੇਜ਼ਾਂ ਦਾ ਰਾਜ ਸੀ ਪਰ ਅਜ ਭਾਰਤ ਵਿਚ ਭਾਰਤੀਆਂ ਦਾ ਆਪਣਾ ਰਾਜ ਹੈ। ਅਜ ਹਿੰਦੋਸਤਾਨ ਵਿਚ ਸਿਰਫ਼ ਮੌਜੂਦਾ ਹਕੂਮਤ ਦਾ ਹੀ ਸਿੱਕਾ ਚਲ ਸਕਦਾ ਹੈ। ਪਿਛਲੇ ਬਾਦਸ਼ਾਹਾਂ ਅਤੇ ਰਾਜਿਆਂ ਦੇ ਸਿੱਕੇ ਭਾਵੇਂ ਸੌ ਪਰਸੈਂਟ (100 %) ਸੋਨੇ ਅਤੇ ਚਾਂਦੀ ਦੇ ਵੀ ਹੋਣ ਪਰ ਅਜ ਉਹ ਬਤੌਰ ਸਿੱਕਾ ਬਾਜ਼ਾਰ ਵਿਚ ਚਲ ਨਹੀਂ ਸਕਦੇ। ਬਾਜ਼ਾਰ ਵਿਚ ਸਿੱਕਾ ਸਿਰਫ਼ ਹਾਜ਼ਰ ਹਾਕਮ ਦਾ ਹੀ ਚਲ ਸਕਦਾ ਹੈ। ਮੁਹਰ ਵੀ ਹਾਜ਼ਰ ਹਾਕਮ ਦੀ ਲਗ ਸਕਦੀ ਹੈ ਅਥਵਾ

# ਜਿਸੁ ਕਾ ਰਾਜੁ ਤਿਸੈ ਕਾ ਸੁਪਨਾ

ਇਸੇ ਤਰ੍ਹਾਂ ਧਾਰਮਕ ਸੰਸਾਰ ਵਿਚ ਵੀ ਬਖਸ਼ਸ਼ ਅਤੇ ਨਾਮ ਦੀ ਮੁਹਰ ਸਿਰਫ਼ ਹਾਜ਼ਰ ਗੁਰੂ ਜੀ ਦੀ ਹੀ ਕਾਰਆਮਦ ਹੁੰਦੀ ਹੈ। ਅਰਦਾਸ ਵਿਚ ਹਾਜ਼ਰ ਗੁਰੂ ਦਾ ਨਾਮ ਲੈਣ ਕਰਕੇ ਕਾਰਜ ਰਾਸ ਹੋਣ ਦੀ ਇਕ ਸਾਖੀ ਸੰਖੇਪ ਵਿਚ ਲਿਖਦਾ ਹਾਂ :-

ਜਦੋਂ ਮਖਣ ਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਲੂ ਫੜਕੇ "ਗੁਰੂ ਲਾਧੋ ਰੇ" ਦੀ ਦੁਹਾਈ ਦਿੱਤੀ ਸੀ ਤਾਂ ਗੁਰੂ ਜੀ ਪਰਗਟ ਹੋ ਕੇ ਗੁਰਮਤ ਦਾ ਪਰਚਾਰ ਕਰਨ ਲਗ ਪਏ ਸਨ। ਹੌਲੀ ਹੌਲੀ ਆਪ ਜੀ ਦਾ ਜੱਸ ਚਾਰੇ ਕੂੰਟਾਂ ਵਿਚ ਫੈਲਣ ਲਗਾ। ਆਪ ਜੀ ਦਾ ਜੱਸ ਨ ਸਹਾਰਦਿਆਂ ਹੋਇਆਂ, ਆਪ ਜੀ ਦੇ ਸ਼ਰੀਕ, ਜੋ ਆਪੇ ਹੀ ਗੁਰੂ ਬਣੀ ਬੈਠੇ ਸਨ, ਆਪ ਜੀ ਨਾਲ ਈਰਖਾ ਕਰਨ ਲਗ ਪਏ ਸਨ। ਇਕ ਵਾਰ ਤਾਂ ਬਾਬੇ ਧੀਰ ਮਲ ਜੀ ਦੇ ਮਸੰਦਾਂ ਨੇ ਸ੍ਰੀ ਗੁਰੂ ਜੀ ਤੇ ਗੋਲੀ ਵੀ ਚਲਾ ਦਿੱਤੀ ਸੀ

ਪਰ ਖੁੱਦ ਅਕਾਲ ਪੁਰਖ ਨੂੰ ਕਉਣ ਮਾਰ ਸਕਦਾ ਹੈ ?

ਹੱਲੀ ਮਖਣ ਸ਼ਾਹ ਆਪਣੇ ਆਦਮੀਆਂ ਸਮੇਤ ਬਕਾਲੇ ਹੀ ਸੀ ਕਿ ਇਕ ਦਿਨ ਗੁਰੂ ਜੀ ਨੇ ਮਖਣ ਸ਼ਾਹ ਨਾਲ ਬਚਨ ਕੀਤਾ ਕਿ ਇਥੇ ਬਕਾਲੇ ਵਿਚ ਦੂਜੇ ਸੋਢੀ ਅਥਵਾ ਸਾਡੇ ਸ਼ਰੀਕ ਸਾਡੇ ਨਾਲ ਈਰਖਾ ਕਰਦੇ ਹਨ। ਮੈਂ ਚਾਹੁੰਦਾ ਹਾਂ ਕਿ ਮੈਂ ਇਥੋਂ ਨਿਕਲ ਕੇ ਕੀਰਤ ਪੁਰ ਚਲਾ ਜਾਵਾਂ। ਮਖਣ ਸ਼ਾਹ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਜਿਵੇਂ ਆਪ ਜੀ ਦੀ ਰਜ਼ਾ।

ਸਾਰੀ ਤਿਆਰੀ ਕਰਕੇ ਸਤਿਗੁਰ ਜੀ ਨੇ ਸੇਵਕਾਂ ਸਮੇਤ ਕੀਰਤ ਪੁਰ ਨੂੰ ਚਾਲੇ ਪਾ ਦਿੱਤੇ। ਜਦੋਂ ਕੀਰਤ ਪੁਰ ਦੇ ਰਾਹ ਵਿਚ ਦਰਿਆ ਬਿਆਸ ਦੇ ਕੰਢੇ ਪਹੁੰਚੇ ਤਾਂ ਸਤਿਗੁਰੂ ਜੀ ਨੇ ਵੇਖਿਆ ਕਿ ਉਨ੍ਹਾਂ ਦੇ ਪਿਛੇ ਕੁਝ ਫ਼ਾਸਲੇ ਤੇ

Sri Satguru Jagjit Singh Ji Elibrary NamdhariElibrary@gmail.com

ਇਕ ਸਿਖ ਮੰਜੀ ਸਾਹਿਬ ਸਮੇਤ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਬੜੇ ਅਦਬ ਨਾਲ ਸਿਰ ਤੇ ਚੁਕੀ ਆ ਰਿਹਾ ਹੈ। ਜਦੋਂ ਉਹ ਸਿਖ ਸਤਿਗੁਰੂ ਜੀ ਦੇ ਕੋਲ ਪਹੁੰਚਿਆ ਤਾਂ ਸਤਿਗੁਰੂ ਜੀ ਦੇ ਪੁੱਛਣ ਤੇ ਉਸ ਸਿਖ ਨੇ ਦਸਿਆ ਕਿ ਇਹ ਬੀੜ ਮਖਣ ਸ਼ਾਹ ਦੇ ਆਦਮੀ ਧੀਰ ਮਲ ਦੇ ਘਰ ਹੱਲਾ ਕਰਨ ਸਮੇਂ ਉਸ ਦੇ ਘਰੋਂ ਚੁੱਕ ਲਿਆਏ ਸਨ। ਆਪ ਜੀ ਦੇ ਹੁਕਮ ਅਨੁਸਾਰ ਹੋਰ ਤਾਂ ਸਾਰਾ ਸਾਮਾਨ ਧੀਰ ਮਲ ਨੂੰ ਵਾਪਸ ਭੇਜ ਦਿੱਤਾ ਗਿਆ ਸੀ ਪਰ ਇਹ ਬੀੜ ਵਾਪਸ ਨਹੀ ਸੀ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਕਹਿਆ ਕਿ ਮੈਂ ਤੇ ਇਹ ਬੀੜ ਰਖਣੀ ਨਹੀਂ, ਇਹ ਉਸ ਨੂੰ ਵਾਪਸ ਕਰਨੀ ਚਾਹੀਦੀ ਹੈ। ਹਾਜ਼ਰ ਸਿਖਾਂ ਨੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਜੀ, ਜਿਸ ਧੀਰ ਮਲ ਨੇ ਆਪ ਜੀ ਦਾ ਇਨਾ ਅਨਾਦਰ ਕੀਤਾ ਹੈ ਅਸੀਂ ਤਾਂ ਉਹਦੇ ਮੱਥੇ ਵੀ ਲਗਣਾ ਨਹੀਂ ਚਾਹੁੰਦੇ। ਚੋਜੀ ਪ੍ਰੀਤਮ ਜੀ ਨੇ ਉਹ ਗ੍ਰੰਥ ਸਾਹਿਬ ਮੰਜੀ ਸਾਹਿਬ ਸਮੇ ਦਰਿਆ ਬਿਆਸ ਦੇ ਸਪੁਰਦ ਕਰਕੇ ਇਕ ਰਾਹੀ ਹੱਥ ਧੀਰਮਲ ਨੂੰ ਸੁਨੇਹਾ ਭੇਜ ਦਿੱਤਾ ਕਿ ਇਥੇ ਆ ਕੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਕਢਵਾ ਕੇ ਲੈ ਜਾਵੇ ਅਤੇ ਸਦਾ ਲਈ ਅਪਣੇ ਕੋਲ ਰਖੇ। ਇਹ ਸੁਨੇਹਾ ਦੇ ਕੇ ਗੁਰੂ ਜੀ ਦਰਿਆ ਪਾਰ ਕਰ ਕੇ ਕੀਰਤ ਪੁਰ ਨੂੰ ਟੁਰ ਪਏ।

ਧੀਰ ਮਲ ਇਹ ਸੁਨੇਹਾ ਸੁਣ ਕੇ ਬੜਾ ਖੁਸ਼ ਹੋਇਆ। ਉਹ ਗੁਰੂ ਜੀ ਨਾਲ ਈਰਖਾ ਤਾਂ ਕਰਦਾ ਸੀ ਪਰ ਦਿਲੋਂ ਇਹ ਮੰਨਦਾ ਸੀ ਕਿ (ਗੁਰੂ) ਤੇਗ ਬਹਾਦਰ (ਜੀ) ਨੂੰ ਰੰਚਕ ਮਾਤ੍ਰ ਲੋਭ ਨਹੀਂ ਅਤੇ ਬਚਪਨ ਤੋਂ ਲੈ ਕੇ ਕਦੀ ਝੂਠ ਨਹੀਂ ਸਨ ਬੋਲਦੇ। ਮਸੰਦਾਂ ਨੇ ਧੀਰਮਲ ਨੂੰ ਕਹਿਆ ਕਿ (ਗੁਰੂ) ਤੇਗ ਬਹਾਦਰ ਨੇ ਤੁਹਾਡੇ ਨਾਲ ਹੱਸੀ ਠੱਠਾ ਕੀਤਾ ਤੁਸੀਂ ਆਪ ਹੀ ਸੋਚੋ ਕਿ ਪਾਣੀ ਵਿਚ ਕਾਗਜ਼ ਕਿੰਨਾ ਕੁ ਚਿਰ ਰਹਿ ਸਕਦਾ ਹੈ। ਧੀਰ ਮਲ ਨੇ ਮਸੰਦਾਂ ਦੀ ਇਕ ਨ ਸੁਣੀ ਅਤੇ ਚਤੁਰ ਤੈਰਾਕ ਨਾਲ ਕੇ ਉਸ ਰਾਹੀ ਦੇ ਦੱਸੇ ਹੋਏ ਠਿਕਾਣੇ ਤੇ ਪਹੁੰਚ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਤਕ ਸਾਰੇ ਗੁਰੂ ਸਾਹਿਬਾਨ ਜੀ ਦੇ ਨਾਮ ਲੈ ਕੇ ਅਰਦਾਸ ਕਰਕੇ ਤੈਰਾਕਾਂ ਨੂੰ ਦਰਿਆ ਵਿਚ ਵਾੜਿਆ। ਤੈਰਾਕਾਂ ਨੇ ਰਾਹੀ ਦੀ ਦੱਸੀ ਹੋਈ ਥਾਂ ਤੇ ਬੜੀਆਂ ਟੁੱਬੀਆਂ ਮਾਰੀਆਂ ਪਰ ਕੁਝ ਪਤਾ ਨ ਲੱਗਾ। ਫਿਰ ਦੂਰ-ਦੂਰ ਤਕ ਟੁੱਬੀਆਂ ਮਾਰਦੇ ਰਹੇ ਪਰ ਬੀੜ ਨ ਮਿਲ ਸਕੀ। ਧੀਰ ਮਲ ਬੜਾ ਉਦਾਸ ਹੋਇਆ। ਧੀਰਮਲ ਨੂੰ ਉਦਾਸ ਵੇਖਕੇ ਉਸੇ ਰਾਹੀ ਨੇ ਕਹਿਆ ਕਿ ਤੁਸੀਂ ਨਿਸ਼ਕਪਟ ਹੋਕੇ ਸ਼ਰਧਾ ਧਾਰਕੇ

**ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ**

**ਹਾਜ਼ਰ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ** ਤਕ ਸਾਰਿਆਂ ਗੁਰੂ ਸਾਹਿਬਾਨ ਜੀ ਦੇ ਨਾਮ ਲੈਕੇ ਨਿਮ੍ਰਤਾ ਸਹਿਤ ਅਰਦਾਸ ਕਰੋ ਮੈਨੂੰ ਪੂਰਾ ਯਕੀਨ ਹੈ ਕਿ ਤੁਹਾਨੂੰ ਬੀੜ ਮਿਲ ਜਾਏਗੀ। ਰਾਹੀ ਦੇ ਕਹਿਣ ਤੇ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ

Sri Satguru Jagjit Singh Ji Elibrary NamdhariElibrary@gmail.com

ਸਾਰਿਆਂ ਗੁਰੂ ਸਾਹਿਬਾਨ ਜੀ ਦੇ ਨਾਮ ਲੈ ਕੇ ਅਰਦਾਸ ਕਰਕੇ ਟੋਭਿਆਂ ਨੂੰ ਦਰਿਆ ਵਿਚ ਫਿਰ ਵਾੜਿਆ ਤਾਂ ਪਹਿਲੀ ਟੁਭੀ ਹੀ ਇਕ ਟੋਭੇ ਦਾ ਹੱਥ ਮੰਜੀ ਸਾਹਿਬ ਨੂੰ ਪੈ ਗਿਆ ਅਤੇ ਤੈਰਾਕਾਂ ਨੇ ਮਿਲ ਕੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਬਾਹਰ ਕਢ ਲਿਆਂਦੀ। ਬਾਹਰ ਕਢ ਕੇ ਜਦੋਂ ਵੇਖਿਆ ਗਿਆ ਤਾਂ ਬੀੜ ਦਾ ਨਾ ਤੇ ਕੋਈ ਕਾਗਜ਼ ਗਲਿਆ ਸੀ ਅਤੇ ਨਾ ਹੀ ਕੋਈ ਅੱਖਰ ਮਿਟਿਆ ਸੀ। ਇਹ ਸਾਖੀ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਪਰਗਟ ਕਰਦੀ ਹੈ ਉਥੇ ਨਾਲ ਹੀ ਇਹ ਸਿਖਿਆ ਦੇਂਦੀ ਹੈ ਕਿ

## ਅਰਦਾਸ ਵਿਚ ਹਾਜ਼ਰ ਗੁਰੂ ਦਾ ਨਾਮ ਲੈਣਾ ਬਹੁਤ ਜ਼ਰੂਰੀ ਹੈ

---

## ਕਰਾਮਾਤ ਜਾਂ ਕਿਰਪਾ ਦ੍ਰਿਸ਼ਟੀ ?

ਸਾਧ ਸੰਗਤ ਜੀ, ਸਿਆਣੇ ਆਦਮੀ ਕਹਿੰਦੇ ਹਨ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ ਤੁਸੀਂ ਸਾਰੇ ਜਾਣਦੇ ਹੋ ਕਿ ਅਜ ਤੋਂ ਤਕਰੀਬਨ ਤਿੰਨ ਸਾਲ ਪਹਿਲੋਂ ਸਾਡੇ ਬੱਚੇ ਕਿਸ ਤਰਾਂ ਏਧਰ ਉੱਧਰ ਫਿਰਦੇ ਸਨ, ਖਾਨ ਪੀਣ ਦਾ ਕੋਈ ਪਰਹੇਜ਼ ਨਹੀਂ ਸੀ, ਨਿਤਨੇਮ ਕਰਨ ਅਤੇ ਬਾਣੀ ਪੜ੍ਹਨ ਨੂੰ ਮਸਖਰੀਆਂ ਕਰਦੇ ਸਨ, ਸਿੱਖੀ ਦੀ ਵਡੀ ਨਿਸ਼ਾਨੀ ਕੇਸਾਂ ਦੀ ਬੇਅਦਬੀ ਕਰਦੇ ਸਨ ਅਤੇ ਹੋਰ ਵੀ ਕਈ ਗਲਤੀਆਂ ਕਰਦੇ ਸਨ ਪਰ ਅਜ ਓਹੀ ਬੱਚੇ ਅਤੇ ਨੌਜਵਾਨ ਕਿਸ ਤਰਾਂ ਸਾਧ ਸੰਗਤ ਦੀ ਸੇਵਾ ਕਰਦੇ ਹਨ, ਮਾਲਾ ਫੜ ਕੇ ਭਜਨ ਕਰਦੇ ਹਨ, ਕਈ ਭਗਉਤੀ ਦੀ ਮਾਲਾ ਵੀ ਕਰਦੇ ਹਨ, ਕਈ ਪਾਠ ਵੀ ਕਰਦੇ ਹਨ, ਕਈ ਕੀਰਤਨ ਵੀ ਕਰਦੇ ਹਨ, ਸਾਧ ਸੰਗਤ ਵਿਚ ਨਾਮਧਾਰੀ ਪਹਿਰਾਵੇ ਵਿਚ ਆਉਂਦੇ ਹਨ, ਭਾਰਤ ਵਿਚ ਮੇਲਿਆਂ ਤੇ ਵੀ ਜਾਂਦੇ ਹਨ, ਭਜਨ ਦੀ ਨਿਰੰਤਰ ਹੋ ਰਹੀ ਵਰਨੀ ਵਿਚ ਹਿੱਸਾ ਲੈਂਦੇ ਹਨ। ਅਤੇ ਪਿਛਲੇ ਸਾਲ ਇਕ ਬਹੁਤ ਭਾਰੀ ਮੇਲਾ ਵੀ ਕੀਤਾ ਹੈ ਅਤੇ ਅਗੋਂ ਵੀ ਕਰ ਰਹੇ ਹਨ, ਇਹ ਬੁਧ ਨਹੀਂ ਫਿਰੀ ਤਾਂ ਕੀ ਆਖਾਂ ?

ਇਹ ਸਤਿਗੁਰੂ ਜੀ ਦੀ ਜ਼ਾਹਰੀ ਕਰਾਮਾਤ ਆਖਾਂ ਜਾਂ ਕਿਰਪਾ ਦ੍ਰਿਸ਼ਟੀ ?

ਸ਼ਾਇਦ ਇਸੇ ਵਾਸਤੇ ਹੀ ਸ੍ਰੀ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ**

ਮੇਰੀ ਇਨ੍ਹਾਂ ਪ੍ਰਤੀ ਇਹ ਹੀ

ਅਰਦਾਸ ਹੈ

# ਜੁਗ ਜੁਗ ਜੀਵੋ

ਅਤੇ

## ਸਾਨੂੰ ਅਪਣੇ ਬਣਾਈ ਰਖਣ

## ਪ੍ਰੀਤ ਤੇ ਪਰਤੀਤ ਬਖਸ਼ੋ

ਗਲਤੀਆਂ ਦੀ ਖਿਮਾ ਦਾ

ਜਾਚਕ

ਸੰਤੋਖ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail com

ਰੂ ਮੈਂ ਫਿਰ ਵੀ ਸੁਭ ਕਰਮ ਕਰਨ ਤੋਂ ਜਰਾ ਵੀ ਢਿਲ ਨਹੀਂ
ਕਰਦਾ ਕਿਉਂਜੋ ਜੇ ਮੈਂ ਹੀ ਸੁਭ ਕਰਮ ਨ ਕਰਾਂ ਤਾਂ ਮੇਰੇ ਵਲੋਂ ਵੇਖਕੇ ਦੂਜੇ ਲੋਕ ਵੀ ਸੁਭ ਕਰਮ ਕਰਨੇ ਛੱਡ ਦੇਣਗੇ ਅਤੇ ਸਭ ਭ੍ਰਿਸ਼ਟ ਹੋ ਜਾਣਗੇ।

ਸਤਿਗੁਰੂ ਜੀ ਆਪ ਕ੍ਰਿਤਾਰਥ ਹੋ ਕੇ ਵੀ ਦੂਜਿਆਂ ਲਈ ਸੁਭ ਕਰਮ ਕਰਦੇ ਹਨ ਤਾਂ ਜੋ ਦੂਜਿਆਂ ਨੂੰ ਵੀ ਸੁਭ ਕਰਮ ਕਰਨ ਦੀ ਪ੍ਰੇਰਨਾ ਮਿਲ ਸਕੇ

ਆਓ ਹੁਣ ਸੋਚੀਏ ਕਿ ਜਿਸ ਸਤਿਗੁਰੂ ਜੀ ਦੇ ਬਚਨਾਂ ਨਾਲ ਹਜਾਰਾਂ ਰੋਗੀਆਂ ਦੇ ਰੋਗ ਦੂਰ ਹੋ ਜਾਂਦੇ, ਉਸ ਸਤਿਗੁਰੂ ਜੀ ਨੂੰ ਹਾਰਟ ਬਾਈਪਾਸ ਸਰਜਰੀ ਕਰਾਉਣ ਦੀ ਕੀ ਲੋੜ ਸੀ?

ਇਥੇ ਮੈਂ ਇਕ ਸਹਿਜਧਾਰੀ ਵੀਰ ਸ੍ਰੀ ਹੰਸ ਰਾਜ ਦੀ ਭਾਵਨਾ ਦਾ ਜਿਕਰ ਕਰਦਾ ਹਾਂ ਇਹ ਵੀਰ ਜੀ ਉਪਰੇਸ਼ਨ ਹੋ ਜਾਣ ਤੋਂ ਪਿਛੋਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਹਸਪਤਾਲ ਵਿਚ ਗਏ ਸਨ। ਆਪ ਜੀ ਨੇ ਕਿਹਾ ਸੀ ਕਿ ਮਹਾਪੁਰਖਾਂ ਦੇ ਤਾਂ ਬਹਾਨੇ ਹੀ ਹੁੰਦੇ ਹਨ। ਪਤਾ ਨਹੀਂ ਕਿਹੜੀਆਂ ਕਿਹੜੀਆਂ ਰੂਹਾਂ ਨੂੰ ਤਾਰਨ ਵਾਸਤੇ ਸਤਿਗੁਰੂ ਜੀ ਇੱਥੇ ਦਰਸ਼ਨ ਦੇਣ ਆਏ ਹਨ। ਇਨ ਦਾ ਉਪਰੇਸ਼ਨ ਤਾਂ ਇਕ ਬਹਾਨਾ ਹੀ ਹੈ। ਸਤਿਗੁਰੂ ਜੀ ਨੂੰ ਕਾਹਦਾ ਕਸ਼ਟ ? ਇਹ ਤਾਂ ਇਨ੍ਹਾਂ ਦੀਆਂ ਖੇਡਾਂ ਹਨ। ਇਹ ਨਾ ਸਮਝਣਾ ਕਿ ਇਨ੍ਹਾਂ ਨੂੰ ਕੋਈ ਬੀਮਾਰੀ ਹੈ, ਇਹ ਤਾਂ ਆਪਣੀ ਮਰਜੀ ਦੇ ਆਪ ਮਾਲਕ ਹਨ।

ਡਾ: ਮੂਸਾ ਜੀ ਦੀ ਭਾਵਨਾ ਵੀ ਪੜ੍ਹ ਲਓ। ਆਪ ਜੀ ਨੇ ਟੈਲੀਫੋਨ ਵਿਚ ਕਿਹਾ ਸੀ ਸਤਿਗੁਰੂ ਜੀ, ਤੁਸੀਂ ਤਾਂ ਦੂਸਰਿਆਂ ਨੂੰ ਦਸਣ ਵਾਸਤੇ ਹੀ ਓਥੇ (ਆਸਟਰੇਲੀਆ) ਗਏ ਹੋ ਕਿ ਤੁਸੀਂ ਕਿਤਨੇ ਤਕੜੇ ਹੋ। ਤੁਹਾਡੀ ਆਪਣੀ ਹੀ ਮਰਜੀ ਹੁੰਦੀ ਹੈ ਜਿਵੇਂ ਚਾਹੋ ਕਰ ਸਕਦੇ ਹੋ। ਡਾਕਟਰਾਂ ਦਾ ਤਾਂ ਇਕ ਬਹਾਨਾ ਹੀ ਹੁੰਦਾ ਹੈ।

ਡਾ: ਰੋਸ (Ross) (ਉਸੇ ਹਸਪਤਾਲ ਦਾ ਡਾਕਟਰ) ਨੇ ਕਿਹਾ ਸੀ ਕਿ ਸਾਨੂੰ ਖੁਸ਼ੀ ਹੈ ਅਤੇ ਸਾਡੀ ਖੁਸ਼ਕਿਸਮਤੀ ਹੈ ਕਿ ਸਾਰੀ ਦੁਨੀਆਂ ਦੇ ਹਸਪਤਾਲ ਛੱਡਕੇ ਆਪ ਜੀ ਉਪਰੇਸ਼ਨ ਵਾਸਤੇ ਇੱਥੇ ਆਏ ਹੋ, ਇਹ ਸਾਡੇ ਸਾਰਿਆਂ ਵਾਸਤੇ ਮਾਨ ਵਾਲੀ ਗੱਲ ਹੈ।

ਡਾ: ਰੋਸ ਜੀ ਨੇ ਸ੍ਰੀ ਹੰਸਪਾਲ ਜੀ ਨੂੰ ਕਿਹਾ ਸੀ ਕਿ ਉਪਰੇਸ਼ਨ ਕਰਨ ਤੋਂ ਪਹਿਲਾਂ ਕੁਝ ਘਬਰਾਹਟ ਸੀ ਕਿ ਐਸੀ ਮਹਾਨ ਹਸਤੀ ਜੋ ਅੱਜਕਲ ਦੇ ਈਸਾ ਹਨ, ਉਨ੍ਹਾਂ ਦਾ ਉਪਰੇਸ਼ਨ ਕਰਨਾ ਹੈ ਜੋ ਸਾਰੀ ਦੁਨੀਆਂ ਦੇ ਡਾਕਟਰ ਛੱਡਕੇ ਔਸਟ੍ਰੇਲੀਆ ਸਾਡੇ ਕੋਲ ਆਏ ਹਨ। ਬੜੇ ਫਖਰ ਅਤੇ ਨਾਲ ਹੀ ਬੜੀ ਜੁਮੇਵਾਰੀ ਦੀ ਗੱਲ ਸੀ ਡਾਕਟਰ ਜੀ ਨੇ ਕਿਹਾ ਕਿ ਹਿਜ਼ ਹੋਲੀਨੈਸ (His Holiness) ਦੇ ਉਪਰੇਸ਼ਨ ਸਮੇਂ ਅਤੇ ਉਪਰੇਸ਼ਨ ਤੋਂ ਬਾਅਦ ਬੜੀ ਆਸਾਨੀ ਮਹਿਸੂਸ ਹੋਈ ਹੈ, ਇਸ ਤਰ੍ਹਾਂ ਲਗਦਾ ਸੀ ਕਿ ਸਾਰਾ ਕੇਸ ਆਪੇ ਹੀ ਸਹਿਜੇ ਸਹਿਜੇ ਹੁੰਦਾ ਜਾ ਰਿਹਾ ਹੈ। ਕੋਈ ਵਖਰੀ (ਰੱਬੀ) ਤਾਕਤ ਨਾਲ ਨਾਲ ਮਦਦ ਕਰਦੀ ਜਾਪਦੀ ਸੀ ਇਹ ਮੇਰੀ ਜਿੰਦਗੀ ਦਾ ਇੱਕ ਵਖਰਾ ਹੀ ਤਜਰਬਾ ਹੈ। ਇਕ ਹੋਰ ਹੈਰਾਨੀ ਵਾਲੀ ਗੱਲ ਹੈ ਕਿ ਹਿਜ਼ ਹੋਲੀਨੈਸ ਦਾ ਭਾਰ (Weight) ਜਿਤਨਾ ਉਪਰੇਸ਼ਨ ਕਰਨ ਤੋਂ ਪਹਿਲਾਂ ਸੀ ਉਨਾ ਹੀ ਉਪਰੇਸ਼ਨ ਕਰਨ [illegible]

Sri Satguru Jagjit Singh Ji Elibrary NamdhariElibrary@gmail.com

ਸਾਧ ਸੰਗਤ ਜੀ, ਤੁਸੀਂ ਜਾਣਦੇ ਹੀ ਹੋ ਕਿ ਸਤਿਗੁਰੂ ਜੀ ਦੇ ਇਸ ਓਪਰੇਸ਼ਨ ਦੇ ਸੰਬੰਧ ਵਿਚ ਸਾਧ ਸੰਗਤ ਨੇ ਬੜਾ ਭਜਨ ਕੀਤਾ ਸੀ, ਬੜੀਆਂ ਭਗਉਤੀ ਦੀਆਂ ਮਾਲਾਂ ਕੀਤੀਆਂ, ਬੜੀਆਂ ਵਰਨੀਆਂ ਕੀਤੀਆਂ ਸਨ, ਕਈਆਂ ਪਾਠਾਂ ਦੇ ਭੋਗ ਵੀ ਪਏ ਸਨ। ਭਾਵੇਂ ਇੰਨਾਂ ਭਜਨ ਬਾਣੀ ਸਤਿਗੁਰੂ ਜੀ ਦੀ ਦੇਹ ਅਰੋਗਤਾ ਵਾਸਤੇ ਹੀ ਹੋਇਆ ਹੈ ਪਰ ਜਿਨ੍ਹਾਂ ਜਿਨ੍ਹਾਂ ਮਾਈਆਂ ਭਾਈਆਂ ਨੇ ਭਜਨ ਬਾਣੀ ਕੀਤਾ ਹੈ ਉਨ੍ਹਾਂ ਦਾ ਉਹ ਸਮਾਂ ਤਾਂ ਚੰਗੇ ਪਾਸੇ ਲੱਗ ਗਿਆ ਹੈ ਨਾ। ਇਹ ਵੀ ਸਤਿਗੁਰੂ ਜੀ ਦੀ ਸੇਵਾ ਹੀ ਹੈ। ਤੁਸੀਂ ਆਪ ਹੀ ਸੋਚੋ ਕਿ ਸਤਿਗੁਰੂ ਜੀ ਨੇ ਕਿਸ ਢੰਗ ਨਾਲ ਸਾਧ ਸੰਗਤ ਨੂੰ ਭਜਨ ਬਾਣੀ ਵੱਲ ਲਾਇਆ ਹੈ।

ਹੁਣ ਮੈਂ ਇਸ ਓਪਰੇਸ਼ਨ ਦੇ ਇਕ ਹੋਰ ਪਹਿਲੂ ਤੇ ਵਿਚਾਰ ਕਰਨ ਲੱਗਾ ਹਾਂ। ਉਹ ਹੈ ਰਹਿਤ ਮਰਯਾਦਾ। ਤੁਸਾਂ ਅਖਬਾਰਾਂ ਵਿਚੋਂ ਪੜ੍ਹਿਆ ਹੀ ਹੋਵੇਗਾ ਕਿ ਸਤਿਗੁਰੂ ਜੀ ਨੇ ਓਪਰੇਸ਼ਨ ਤੋਂ ਪਹਿਲਾਂ ਕਈਆਂ ਡਾਕਟਰਾਂ ਅੱਗੇ ਇਹ ਸ਼ਰਤਾਂ ਰਖੀਆਂ ਸਨ

(੧) ਸਤਿਗੁਰੂ ਜੀ ਦੇ ਸ਼ਰੀਰ ਦੇ ਕਿਸੇ ਵੀ ਹਿੱਸੇ ਦੇ ਰੋਮਾਂ ਦੀ ਬੇਅਦਬੀ ਨ ਕੀਤੀ ਜਾਵੇ ਅਥਵਾ ਰੋਮਾਂ ਦੀ ਕਟਾਈ ਨ ਕੀਤੀ ਜਾਵੇ।

(੨) ਕਛਹਿਰਾ ਨ ਉਤਾਰਿਆ ਜਾਵੇ।

(੩) ਸਤਿਗੁਰੂ ਜੀ ਦੇ ਸੀਸ ਤੇ ਦਸਤਾਰ ਸਜੀ ਰਹੇਗੀ।

(੪) ਕੋਈ ਖੂਨ ਨਹੀਂ ਚੜ੍ਹਾਇਆ ਜਾਵੇਗਾ।

(੫) ਸ਼ਰਾਬ - ਵਰਗਾ ਨਸ਼ਾ ਪੈਦਾ ਕਰਨ ਵਾਲੀ ਅਲਕੋਹਲ ਦਵਾਈ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਉਨ੍ਹਾਂ ਦੇ ਜ਼ਖਮਾਂ ਤੇ ਲਗਾਈ ਜਾਵੇਗੀ।

(੬) ਸਤਿਗੁਰੂ ਜੀ ਦੀ ਸੇਵਾ ਸਿਰਫ਼ ਪੁਰਸ਼-ਨਰਸ ਹੀ ਕਰਨਗੇ।

ਇਨ੍ਹਾਂ ਸ਼ਰਤਾਂ ਨੂੰ ਨਿਭਾਉਂਦਿਆਂ ਓਪਰੇਸ਼ਨ ਕਰਨ ਤੋਂ ਹੋਰ ਤਾਂ ਸਾਰਿਆਂ ਡਾਕਟਰਾਂ ਨੇ ਜਵਾਬ ਦੇ ਦਿੱਤਾ ਪਰ ਆਸਟਰੇਲੀਆ ਦੇ ਰਾਇਲ ਐਡੀਲੇਡ ਹਸਪਤਾਲ ਦੇ ਸਰਜਨ ਡਾ: ਰੋਸ (Dr. Ross) ਨੇ ਇਨ੍ਹਾਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕਰਕੇ ਓਪਰੇਸ਼ਨ ਕਰਨ ਲਈ ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ ਅਤੇ ੧੯ ਜੁਲਾਈ ਸੰਨ ੧੯੯੧ ਨੂੰ ਓਪਰੇਸ਼ਨ ਹੋਇਆ ਜੋ 100% ਸਫਲ ਹੋਇਆ।

ਓਪਰੇਸ਼ਨ ਦੇ ਪਿਛੋਂ, ਜਦੋਂ ਨਾਮਾਨਗਾਰਾਂ ਨੇ ਸਤਿਗੁਰੂ ਜੀ ਨੂੰ ਪੁੱਛਿਆ ਕਿ ਆਪ ਜੀ ਦੀਆਂ ਸ਼ਰਤਾਂ ਕਾਰਨ ਆਪ ਜੀ ਦੇ ਬਚਣ ਦੇ ਚਾਂਸਿਜ਼ (Chances) ਬਹੁਤ ਘਟ ਗਏ ਸਨ, ਕੀ ਇਸ ਗੱਲ ਨਾਲ ਤੁਹਾਨੂੰ ਕੋਈ ਪਰੇਸ਼ਾਨੀ ਨਹੀਂ ਸੀ ਹੋਈ। ਸਤਿਗੁਰੂ ਜੀ ਨੇ ਉੱਤਰ ਦਿਤਾ ਕਿ ਸਿੱਖ ਨੂੰ ਆਪਣੀ ਜਾਨ ਨਾਲੋਂ ਆਪਣੇ ਅਸੂਲ ਵਧੇਰੇ ਪਿਆਰੇ ਹੁੰਦੇ ਹਨ।

ਸਾਧ ਸੰਗਤ ਜੀ, ਤੁਸੀਂ ਆਪ ਹੀ ਵਿਚਾਰ ਲਉ ਕਿ ਸ੍ਰੀ ਸਤਿਗੁਰੂ ਜੀ ਨੇ ਆਪਣੀ ਜਾਨ ਦੀ ਵੀ ਪਰਵਾਹ ਨ ਕਰਦਿਆਂ ਹੋਇਆਂ ਆਪਣੀ ਰਹਿਤ ... ਸੀ ਜਾਣ ਦਿੱਤੀ। ਇਸ ਸਾਇੰਸ (Science) ਦੇ ਜੁਗ ਵਿਚ ਵੀ

NO. 70
DATE

ਸ੍ਰੀ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਹੋਈ ਰਹਿਤ-ਮਰਯਾਦਾ ਦੀ ਪਰਤੱਖ ਪਾਲਣਾ ਕਰਕੇ ਸਾਰੀ ਦੁਨੀਆਂ ਨੂੰ ਵਿਖਾ ਦਿੱਤਾ

## ਰਹਿਤ ਪਿਆਰੀ ਮੁਝ ਕਉ,
## ਸਿਖ ਪਿਆਰਾ ਨਾਹਿ ।

ਹੁਣ ਜੇ ਇਹ ਵੀਚਾਰੀਏ ਕਿ

## ਰਹਿਣੀ ਰਹੈ ਸੋਈ ਸਿਖ ਮੇਰਾ
ਅਤੇ
## ਉਹ ਠਾਕੁਰੁ ਮੈਂ ਉਸਕਾ ਚੇਰਾ ।

ਤਾਂ ਇਸ ਵਿਚ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਿਛੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰ ਗੱਦੀ ਨਸ਼ੀਨ ਹੋਣਾ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਕਸਉਟੀ ਮੁਤਾਬਕ ਬਿਲਕੁਲ ਠੀਕ ਹੈ ਤਾਂ ਹੀ ਤੇ ਕਿਹਾ ਜਾਂਦਾ ਹੈ

## ਤਖਤਿ ਬਹੈ ਤਖਤੈ ਕੀ ਲਾਇਕ ।



ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ।
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ।
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ,
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ,

ਭੱਟ ਭਿਖੇ ਜੀ ਲਿਖਦੇ ਹਨ :- ਮੈਂ ਸੰਤਾਂ ਨੂੰ ਟੋਲਦਾ ਟੋਲਦਾ ਥੱਕ ਗਿਆ ਹਾਂ। ਮੈਂ ਕਈ ਸਾਧ, ਕਈ ਸੰਨਿਆਸੀ, ਕਈ ਤਪੱਸਵੀ ਤੇ ਕਈ ਮੂੰਹੋਂ-ਮਿੱਠੇ ਪੰਡਿਤ ਭੀ ਵੇਖੇ ਹਨ। ਮੈਂ ਇਕ ਸਾਲ ਫਿਰਦਾ ਰਿਹਾ ਹਾਂ, ਕਿਸੇ ਨੇ ਮੇਰੀ ਨਿਸ਼ਾ ਨਹੀਂ ਕੀਤੀ। ਇਹ ਸਾਰੇ ਮੂੰਹੋਂ ਆਖਦੇ ਹੀ ਆਖਦੇ ਹਨ ਭਾਵ ਹੋਰਨਾਂ ਨੂੰ ਉਪਦੇਸ਼ ਕਰਦੇ ਹਨ ਪਰ ਇਨ੍ਹਾਂ ਵਿਚੋਂ ਕਿਸੇ ਦੀ ਵੀ ਰਹਿਤ ਵੇਖਕੇ ਮੈਨੂੰ ਆਨੰਦ ਨਹੀਂ ਆਇਆ। ਇਹ ਸਭ

ਅੰਦਰਹੁ ਝੂਠੇ ਪੈਜ ਬਾਹਰਿ ॥

ਅਥਵਾ

ਅਵਰ ਉਪਦੇਸੈ ਆਪਿ ਨ ਕਰੈ ॥

ਅਥਵਾ

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥

ਵਾਲੇ ਹੀ ਹਨ, ਪਰ ਜਦੋਂ ਮੈਨੂੰ ਸ੍ਰੀ ਸਤਿਗੁਰੂ ਅਮਰ ਦਾਸ ਜੀ ਦਾ ਦਰਸ਼ਨ ਹੋਇਆ ਤਾਂ ਮਨ ਦੇ ਸਾਰੇ ਸੰਕੇ ਦੂਰ ਹੋ ਗਏ, ਕਲੇਜੇ ਵਿਚ ਠੰਢ ਵਰਤ ਗਈ। ਛਾਤੀ ਸੀਤਲ ਅਤੇ ਮਨ ਸੁਖੀ ਹੋ ਗਿਆ ਅਤੇ

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ

ਸਾਧ ਸੰਗਤ ਜੀ, ਇਹ ਸਾਖੀ ਬਹੁੰਤ ਪੁਰਾਣੀ ਹੈ ਪਰ ਸੱਚ ਕਦੇ ਮੈਲਾ ਨਹੀਂ ਹੁੰਦਾ ਇਸ ਸਾਖੀ ਤੋਂ ਹਮੇਸ਼ਾ ਸਿਖਿਆ ਲਈ ਜਾ ਸਕਦੀ ਹੈ

ਸ੍ਰੀਮਾਨ ਡਾ ਮਹੀਪ ਸਿੰਘ ਜੀ ਦੇ ਲੇਖ 'ਇਹ ਖੇਲੁ ਕਠਨੁ ਹੈ' ਵਿਚੋਂ ਕੁਝ ਕੁ ਸਤਰਾਂ ਅਗਾਂਹ ਸਫ਼ੇ ਤੇ ਲਿਖੀਆਂ ਹਨ। ਆਪ ਜੀ ਉਨ੍ਹਾਂ ਦੇ ਜਾਤੀ ਖਿਆਲਾਂ ਨੂੰ ਪੜ੍ਹਨ ਦੀ ਖੇਚਲ ਕਰਨੀ ਜੀ

NO. 72

DATE

ਸਾਡੇ ਮਨਾਂ ਵਿੱਚ ਪੀੜ੍ਹੀ ਦਰ ਪੀੜ੍ਹੀ ਤੋਂ ਇਹ ਸੰਸਕਾਰ ਬਣਿਆ ਹੋਇਆ ਹੈ
ਕਿ ਇਸ ਲੋਕ ਵਿੱਚ "ਭੋਗਿਆ ਜਾਣ ਵਾਲਾ" ਜੀਵਨ ਤਾਂ ਕਿਸੇ ਤਰ੍ਹਾਂ ਦੁਖ – ਸੁਖ ਵਿੱਚ ਲੰਘ ਹੀ
ਜਾਏਗਾ, ਅਗਲਾ ਜੀਵਨ ਹੀ ਸਹੀ ਤੇ ਸਾਰਥਕ ਸਰੂਪ ਰੱਖਦਾ ਹੈ। ਉਸ ਵਿਚ
ਮੁਕਤੀ ਹੋ ਸਕਦੀ ਹੈ, ਪਰਮਾਤਮਾ, ਅਕਾਲ ਪੁਰਖ ਨਾਲ ਮੇਲ ਹੋ ਸਕਦਾ ਹੈ।

ਮਨੁੱਖ ਇਸ ਜੀਵਨ ਵਿੱਚ ਸਾਰੇ ਸੁਖ ਪਾਉਣ ਲਈ ਅਤੇ ਅਗਲਾ ਜੀਵਨ
ਸੁਖਾਲਾ ਬਣਾਉਣ ਲਈ ਜਿਹੜੇ ਜਤਨ ਕਰਦਾ ਹੈ, ਉਸ ਵਿੱਚ ਸੱਚੇ ਗੁਰੂ ਦੀ ਬੜੀ
ਲੋੜ ਹੁੰਦੀ ਹੈ। ਗੁਰਬਾਣੀ ਵੀ ਵਾਰ ਵਾਰ ਇਸ ਗੱਲ ਤੇ ਜ਼ੋਰ ਦਿੰਦੀ ਹੈ :-

## ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ

ਮੈਂ ਆਪਣੇ ਜੀਵਨ ਵਿਚ ਬੜੇ ਸਾਰੇ ਸਾਧੂਆਂ ਸੰਤਾਂ ਅਖੌਤੀ ਗੁਰੂਆਂ ਦਰਵੇਸ਼
ਸਮਝੇ ਜਾਣ ਵਾਲੇ ਵਿਅਕਤੀਆਂ ਨੂੰ ਮਿਲਿਆ ਹਾਂ, ਪਰ ਮੇਰਾ ਮਨ ਕਿਤੇ ਟਿਕਿਆ ਨਹੀਂ,
ਸੱਚੀ ਗੱਲ ਤਾਂ ਇਹ ਹੈ ਕਿ ਅਜਿਹੇ ਮਹਾਂਪੁਰਸ਼ਾਂ ਨੂੰ ਮਿਲਕੇ ਆਮ ਤੌਰ ਤੇ ਮੇਰੇ ਮਨ
ਵਿੱਚ ਜੋ ਥੋੜੀ-ਬਾਹਲੀ ਸ਼ਰਧਾ ਜਾਂ ਸਤਿਕਾਰ ਭਾਵਨਾ ਹੁੰਦੀ ਵੀ ਹੈ, ਉਹ ਵੀ ਬੁਰੀ ਤਰ੍ਹਾਂ
ਖੰਡਿਤ ਹੋ ਜਾਂਦੀ ਹੈ। ਮੈਂ ਬੜਾ ਨਿਰਾਸ਼ ਹੋ ਜਾਂਦਾ ਹਾਂ।

ਅੱਜ ਤਾਂ ਇੰਜ ਜਾਪਦਾ ਹੈ, ਕਿ ਭਗਵਾਨਾਂ, ਸੰਤਾਂ, ਮਹੰਤਾਂ, ਗੁਰੂਆਂ, ਬ੍ਰਹਮਗਿਆਨੀਆਂ
ਅਵਤਾਰਾਂ, ਮਹਾਂ ਰਿਸ਼ੀਆਂ ਦੀ ਬੇਅੰਤ ਭੀੜ, ਇਸ ਦੇਸ਼ ਵਿਚ ਅਚਨਚੇਤ ਪੈਦਾ ਹੋ ਗਈ ਹੈ।
ਇਨ੍ਹਾਂ ਦੇ ਵੱਡੇ ਵੱਡੇ ਪੋਸਟਰਾਂ ਨਾਲ ਸ਼ਹਿਰਾਂ ਦੀ ਕੰਧਾਂ ਭਰੀਆਂ ਹੁੰਦੀਆਂ ਹਨ। ਅਜ ਦੀ
ਦੁਨੀਆਂ ਵਿੱਚ ਵਪਾਰੀ ਜਿਵੇਂ ਆਪਣੇ ਮਾਲ ਦੀ ਖਪਤ ਲਈ ਲੰਮੀ-ਚੌੜੀ ਇਸ਼ਤਿਹਾਰਬਾਜ਼ੀ
ਕਰਦੇ ਹਨ, ਉਂਜ ਹੀ ਇਹ ਮਹਾਂਪੁਰਸ਼ ਆਪਣੀ ਮਹਾਨਤਾ ਦਾ ਪ੍ਰਚਾਰ ਕਰਨ - ਕਰਾਉਣ
ਲਈ ਸਾਰੇ ਪ੍ਰਚਾਰ ਸਾਧਨ ਅਪਨਾਉਂਦੇ ਹਨ। ਇਨ੍ਹਾਂ ਦੇ ਭੇਖ ਅਤੇ ਇਨ੍ਹਾਂ ਦੇ
ਕਰਤਬ ਦੇਖਕੇ ਕਬੀਰ ਜੀ ਦੀ ਇਹ ਤੁਕ ਚੇਤੇ ਆਉਂਦੀ ਹੈ :-

## ਮਾਥੇ ਤਿਲਕੁ ਹਥਿ ਮਾਲਾ ਬਾਨਾਂ। ਲੋਗਨ ਰਾਮੁ ਖਿਲਉਨਾ ਜਾਨਾਂ।

ਜਦੋਂ ਚਹੁੰ ਪਾਸੇ ਇੰਨੀ ਆਪਾ ਧਾਪੀ ਹੋਵੇ --
ਤਾਂ ਮੇਰੇ ਜਿਹਾ ਬੰਦਾ ਕੀ ਕਰੇ ?

ਅਜਿਹੀ ਤਪਸ਼ ਵਿੱਚ ਜਦੋਂ ਵੀ ਮੈਂ **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ**
ਦੇ ਦਰਸ਼ਨ ਕੀਤੇ ਹਨ, ਮੈਨੂੰ ਅਜਿਹੀ ਠੰਢ, ਅਜਿਹੀ ਤ੍ਰਿਪਤੀ ਦਾ ਅਹਿਸਾਸ ਹੋਇਆ
ਹੈ ਜਿਸਨੂੰ ਸਿਰਫ਼ ਮਹਿਸੂਸ ਹੀ ਕੀਤਾ ਜਾ ਸਕਦਾ ਹੈ, ਮੈਨੂੰ ਉਨ੍ਹਾਂ ਦੇ ਚਿਹਰੇ ਤੇ
ਅਸੀਮ ਸ਼ਾਂਤੀ, ਨਿਰਛਲਤਾ, ਅਤੇ ਭੋਲਾਪਨ ਦਿਸਦਾ ਹੈ ---

ਜਦੋਂ ਕਦੀ ਵੀ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕੀਤੇ ਹਨ,
ਕੁਝ ਪਲ ਉਨ੍ਹਾਂ ਨੇੜੇ ਬੈਠਣ ਦਾ ਸੁਭਾਗ ਮਿਲਿਆ ਹੈ, ਮੈਨੂੰ ਇੱਕ ਬੜੀ ਨਿਰਛਲ
ਅਤੇ ਨਿਰਮਲ ਅਨੁਭੂਤੀ ਨੇ ਆਪਣੇ ਕਲਾਵੇ ਵਿਚ ਲੈ ਲਿਆ ਹੈ।

Sri Satguru Jagjit Singh Ji Elibrary NamdhariElibrary@gmail.com

ਸ੍ਰ: ਨਾਹਰ ਸਿੰਘ ਜੀ ਹਿਸਟੋਰੀਅਨ (Historian)
(ਲੇਖਕ ਨਾਮਧਾਰੀ ਇਤਿਹਾਸ) ਲਿਖਦੇ ਹਨ :-

ਸੰਨ ੧੯੫੪ ਈਸਵੀ ਦੀ ਗੱਲ ਹੈ :-

ਚਿਤਰ ਗੁਪਤ ਰੋਡ ਦਿੱਲੀ ਸ: ਸੁੱਚਾ ਸਿੰਘ ਦੇ ਘਰ ਦੇ ਨਾਲ ਦੀਵਾਨ ਸਜਿਆ ਸੀ, ਉਸ ਦੌਰਾਨ ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਾਸ ਅਸੀਂ ਕਈ ਘੰਟੇ ਬੈਠੇ ਸਾਂ, ਤਦ ਸਤਿਗੁਰੂ ਮਹਾਰਾਜ ਜਗਜੀਤ ਸਿੰਘ ਜੀ ਨੂੰ ਦੀਵਾਨ ਵਿਚੋਂ ਉਠ ਕੇ ਜਾਂਦਿਆਂ ਦੇਖ ਕੇ ਆਪਣੇ ਮੁਖਾਰਬਿੰਦ ਤੋਂ ਇਹ ਬਚਨ ਮੈਨੂੰ ਦਸਦਿਆਂ ਹੋਇਆਂ ਫੁਰਮਾਏ ਸਨ, ਭਾਈ ਨਾਹਰ ਸਿੰਘ ਜੀ,

ਵੱਡਾ ਕਾਕਾ ਕੇਵਲ ਇਨਸਾਨ ਹੀ ਨਹੀਂ, ਸਗੋਂ

ਕਲਾਧਾਰੀ ਚਿੰਨਤਾਨ ਹੈ

ਇਹ ਕਾਕਾ ਅਲੌਕਿਕ ਸ਼ਕਤੀਆਂ

ਦਾ ਮਾਲਕ ਹੈ ਇਹਦੇ ਸਮੇਂ ਸਿੱਖੀ ਬਹੁਤ ਵਧੇਗੀ
(ਉਸ ਸਮੇਂ ਮਹਾਰਾਜ ਬੀਰ ਸਿੰਘ ਜੀ ਭੀ ਸਾਡੇ ਕੋਲ ਉਥੇ ਹੀ ਬੈਠੇ ਹੋਏ ਸਨ)
[ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਹ ਭੀ ਫੁਰਮਾਇਆ, ਕਿ]

ਇਹਦੇ ਸਮੇਂ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ)

ਸਾਰਾ ਭੈਣੀ ਸਾਹਿਬ ਪੱਕਾ ਹੋ ਜਾਵੇਗਾ।

ਚਿੰਨਤਾਨ ਬਾਰੇ ਅਰਥ ਪੁਛਦਿਆਂ ਆਪ ਜੀ ਨੇ ਫੁਰਮਾਇਆ ਕਿ

"ਚਿੰਨਤਨਵਾਨ" ਜੋ ਕੁਝ ਭੀ ਚਿਤਵੇਗਾ ਅਤੇ ਤੁਰੇ ਜਾਂਦੇ ਕਿਸੇ ਵਲ ਹੱਥ ਦਾ ਇਸ਼ਾਰਾ ਭੀ ਕਰ ਦੇਵੇਗਾ ਉਹ ਪੂਰਾ ਹੋ ਜਾਵੇਗਾ।"

ਸਾਧ ਸੰਗਤ ਜੀ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਹ ਬਚਨ, ਸ੍ਰ: ਠਾਹਰ ਸਿੰਘ ਜੀ ਨੂੰ ਸੰਨ ੧੯੫੪ ਵਿਚ ਕਹੇ ਸਨ । ਇਹ ਬਚਨ ਉਸ ਸਤਿਗੁਰੂ ਜੀ ਦੇ ਹਨ, ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਵੱਡੇ ਪ੍ਰਤਾਪ ਵਾਲੇ ਹੋਣ ਦੀ ਬਖਸਸ਼ ਕੀਤੀ ਸੀ ਅਤੇ ਜਿਨ੍ਹਾਂ ਵਾਸਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਈਆਂ ਸਰੀਰਾਂ ਨੂੰ ਦ੍ਰਿਸ਼ਟਾਂਤ ਵਿਚ ਦਰਸਨ ਦੇ ਕੇ ਕਿਹਾ ਸੀ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸਮੇਂ ਦੇ ਮਾਲਕ ਵੱਡੇ ਪ੍ਰਤਾਪ ਵਾਲੇ ਸਤਿਗੁਰੂ ਹਨ ।

ਆਪ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪੰਨੇਂ ੧੨੦੪ ਤੇ ਪੜ੍ਹਿਆ ਹੋਵੇਗਾ

## ਗਿਰਿ, ਬਸੁਧਾ, ਜਲ ਪਵਨ, ਜਾਇਗੋ ।

(ਪਰ)

## ਇਕਿ ਸਾਧ ਬਚਨ ਅਟਲਾਧਾ

ਅਤੇ

## ਰਾਜ ਬਿਨਾਸੀ, ਤਾਮ ਬਿਨਾਸੀ, ਸਾਤਕ ਭੀ ਬੇਨਾਧਾ ।

## ਦ੍ਰਿਸਟਮਾਨ ਹੈ ਸਗਲ ਬਿਨਾਸੀ

(ਪਰ)

## ਇਕਿ ਸਾਧ ਬਚਨ ਆਗਾਧਾ

ਇਥੇ ਤਾਂ ਇਕ ਸਾਧ ਦੇ ਬਚਨ ਬਾਰੇ ਲਿਖਿਆ ਹੈ ਕਿ ਦੁਨੀਆਂ ਭਾਵੇਂ ਸਾਰੀ ਤਬਾਹ ਹੋ ਜਾਵੇ ਪਰ ਇਹ ਕਦੇ ਹੋ ਨਹੀਂ ਸਕਦਾ ਕਿ ਸਾਧ ਦਾ ਬਚਨ ਪੂਰਾ ਨਾ ਹੋਵੇ । ਜਦ ਇਕ ਸਾਧ ਦਾ ਬਚਨ ਅਵੱਸ਼ ਹੀ ਪੂਰਾ ਹੁੰਦਾ ਹੈ ਤਾਂ ਸਾਧਾਂ ਦੇ ਬਣਾਉਣ ਵਾਲੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਇਹ ਬਚਨ ਕਿ ਵੱਡਾ ਕਾਕਾ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਕਲਾਧਾਰੀ ਬਿੰਨਤਾਨ ਹੈ, ਅਲੌਕਿਕ ਸਕਤੀਆਂ ਦਾ ਮਾਲਕ ਹੈ, ਇਹਦੇ ਸਮੇਂ ਸਿੱਖੀ ਬਹੁਤ ਵਧੇਗੀ ਅਤੇ ਇਹਦੇ ਸਮੇਂ ਸਾਰਾ ਸ੍ਰੀ ਭੈਣੀ ਸਾਹਿਬ ਪੱਕਾ ਹੋ ਜਾਵੇਗਾ, ਪੂਰੇ ਕਿਉਂ ਨ ਹੁੰਦੇ ।

## ਗੜੀ ਛੈਨੀ ਨਾਹੀ ਬਾਤ

ਸਾਧ ਸੰਗਤ ਜੀ, ਇਹ ਕੋਈ ਗੁੱਝੀ ਛੁਪੀ ਨਾਹੀ ਬਾਤ ਕਿ ਸ੍ਰੀ ਭੈਣੀ ਸਾਹਿਬ ਪੱਕਾ ਹੋ ਗਿਆ ਹੈ ਕਿ ਨਹੀਂ ? ਅਤੇ ਆਪ ਜਾ ਕੇ ਵੇਖ ਸਕਦੇ ਹੋ ਕਿ ਸ੍ਰੀ ਭੈਣੀ ਸਾਹਿਬ ਪੱਕਾ ਹੋ ਗਿਆ ਹੈ ਕਿ ਨਹੀਂ ? ਅਤੇ ਆਪ ਜਾ ਕੇ ਵੇਖ ਸਕਦੇ ਹੋ ਕਿ ਸ੍ਰੀ ਭੈਣੀ ਸਾਹਿਬ ਪੱਕਾ, ਸੇਵਕਾਂ ਵਾਸਤੇ ਪੱਕੇ ਅਤੇ ਸੋਹਣੇ ਸੜਕ ਪੱਕੀ, ਤੀਰਥ ਯਾਤਰੀਆਂ ਵਾਸਤੇ ਪੱਕੇ ਕਮਰੇ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸਿਮ੍ਰਤੀ ਮਕਾਨ ਹਨ । ਸ੍ਰੀ ਹਰੀ ਮੰਦਰ ਸਾਹਿਬ ਪੱਕਾ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਕੈਡਮੀ ਦੀ ਮੰਦਰ ਪੱਕਾ, ਅਕਾਲ ਬੁੰਗਾ ਪੱਕਾ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਕੈਡਮੀ ਦੀ ਬਿਲਡਿੰਗ ਸਾਨਦਾਰ ਅਤੇ ਪੱਕੀ ਹੈ । ਸ੍ਰੀ ਰਾਮ ਸਰੋਵਰ ਦਾ ਕਹਿਣਾ ਹੀ ਕੀ ? ਸਭ ਪੱਕਾ ਅਤੇ ਇੰਨਾ ਸੁੰਦਰ ਹੈ ਕਿ ਜਿਸਨੇ ਦਰਸਨ ਕੀਤੇ ਹਨ ਉਹ ਹੈਰਾਨ ਰਹਿ ਗਿਆ ਹੈ । ਇਥੋਂ ਤਕ ਕਿ ਗਊਸਾਲਾ ਵੀ ਪੱਕੀ ਬਣ ਗਈ ਹੈ ਸਮਸਾਨ ਭੂਮੀ ਵੀ ਪੱਕੀ ਬਣ ਗਈ ਹੈ

ਆਦਿ ਹੁਣ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਏਸ ਬਚਨ ਤੇ ਵਿਚਾਰ ਕਰੀਏ ਕਿ ਇਹਦੇ ਸਮੇਂ ( ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ) ਸਿੱਖੀ ਬਹੁਤ ਵਧੇਗੀ।

ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰ ਗੱਦੀ ਨਸ਼ੀਨ ਹੋਏ ਸਨ, ਉਦੋਂ ਗੁਰੂ ਘਰ ਦੇ ਵਿਰੋਧੀ ਸਜਨਾਂ ਨੇ ਸਰਕਾਰ ਦੀ ਸਹਿ ਤੇ ਹਾਲਾਤ ਬਹੁਤ ਅਣਸੁਖਾਵੇਂ ਬਣਾਏ ਹੋਏ ਸਨ, ੨੨ ਮੁਕਦਮੇ ਸਨ। ਬਲਿਹਾਰੀ ਜਾਈਏ ਅਲੌਕਿਕ ਸ਼ਕਤੀਆਂ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਜਿਨਾਂ ਆਪਣੀ ਕ੍ਰਿਪਾਦ੍ਰਿਸ਼ਟੀ ਨਾਲ ਸਾਰੇ ਮੁਕਦਮੇ ਖਤਮ ਕਰ ਦਿੱਤੇ ਅਤੇ ਕਮਾਲ ਦੀ ਗਲ ਹੈ ਕਿ ਤੇਜਾ ਸਿੰਘ ਚੂੜਾਨੀਆਂ ਨੇ ਆਪਣੀ ਭੁੱਲ ਮੰਨ, ਪਹਿਲਾਂ ਸਰਸੇ ਕਚਹਿਰੀਵਿਚ ਲਿਖਕੇ ਦਿੱਤਾ ਅਤੇ ਫਿਰ ਬਿਕਰਮ ਸੰਮਤ ੨੦੧੯ ਦੇ ਸੰਤ ਨਗਰ ਦੇ ਹੋਲੇ ਤੇ ਸਾਧ ਸੰਗਤ ਵਿਚ ਖਲੋ ਕੇ ਮਾਫ਼ੀ ਮੰਗੀ।

ਸ੍ਰੀ ਸਤਿਗੁਰੂ ਜੀ ਨੇ ਅਪਣੀ ਪ੍ਰੇਮ ਭਰੀ ਸ਼ਕਤੀ ਨਾਲ ਵਿਰੋਧੀਆਂ ਨੂੰ ਵੀ ਅਪਣੇ ਵੱਲ ਇਸ ਤਰ੍ਹਾਂ ਖਿਚ ਲਿਆ ਜਿਵੇਂ ਇਕ ਮਾਂਦਰੀ ਬੀਨ ਵਜਾ ਕੇ ਜ਼ਹਿਰੀਲੇ ਸੱਪਾਂ ਨੂੰ ਅਪਣੇ ਵੱਲ ਖਿੱਚ ਲੈਂਦਾ ਹੈ ਜਿਸ ਦਾ ਨਤੀਜਾ ਇਹ ਹੋਇਆ ਕਿ ਜਿਥੇ ਪੁਰਾਣੇ ਸਿੱਖਾਂ ਦੀ ਸ਼ਰਧਾ ਬਹੁਤ ਵਧ ਗਈ ਉੱਥੇ ਨਵੇਂ ਸਿੱਖ ਵੀ ਬਹੁਤ ਸਜੇ ਅਤੇ ਸਜ ਰਹੇ ਹਨ ਅਤੇ ਅੱਜ ਵਡੇ ਵਡੇ ਅਫ਼ਸਰ, ਵਜ਼ੀਰ, ਸਿਆਸੀ ਨੇਤਾ, ਧਾਰਮਕ ਨੇਤਾ, ਇਥੋਂ ਤਕ ਸਾਡੇ ਪ੍ਰਧਾਨ ਮੰਤ੍ਰੀ ਜੀ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਵਡ ਭਾਗੀ ਸਮਝਦੇ ਹਨ।

ਔੜ ਦੇ ਸਮੇਂ, ਇੰਗਲੈਂਡ ਵਿਚ ਅਰਦਾਸ ਦੁਆਰਾ ਬਾਰਸ਼ ਪਾਕੇ ਇੰਗਲੈਂਡ ਦੇ ਵਿਗਿਆਨੀਆਂ ਨੂੰ ਚਕ੍ਰਿਤ ਕਰ ਦਿੱਤਾ ਅਤੇ ਉਨ੍ਹਾਂ ਨੂੰ ਵੀ ਗੁਰੂ ਅਤੇ ਰੱਬੀ ਸ਼ਕਤੀ ਮੰਨਣ ਲਈ ਮਜਬੂਰ ਕਰ ਦਿੱਤਾ।

ਭਾਵੇਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸਿੱਖੀ ਪਰਚਾਰ ਲਈ ਦੂਜੇ ਦੇਸ਼ਾਂ ਵਿਚ ਗਏ ਤਾਂ ਸਨ ਪਰ ਬਹੁਤ ਘਟ ਦੇਸ਼ਾਂ ਵਿਚ। ਹਾਜ਼ਰ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲੋਕਾਂ ਦਾ ਭਲਾ ਕਰਨ ਲਈ ਅਤੇ ਸਿੱਖੀ ਪਰਚਾਰ ਲਈ ਥਾਈਲੈਂਡ, ਹਾਂਗ ਕਾਂਗ, ਜਪਾਨ, ਕੀਨੀਆ, ਕੈਨੇਡਾ, ਇੰਗਲੈਂਡ, ਜਰਮਨ, ਅਮਰੀਕਾ ਆਦਿ ਕਈ ਦੇਸ਼ਾਂ ਦੇ ਵਡੇ ਵਡੇ ਸ਼ਹਿਰਾਂ ਵਿਚ ਦੌਰੇ ਕਰਕੇ ਦਰਸ਼ਨ ਅਭਿਲਾਸ਼ੀਆਂ ਨੂੰ ਦਰਸ਼ਨ ਦਿੰਦੇ ਹਨ ਅਤੇ ਗੁਰਮਤ ਦਾ ਪਰਚਾਰ ਕਰਦੇ ਹਨ। ਹੁਣ ਹਜ਼ਾਰਾਂ ਹੀ ਸਿੱਖ ਇਨ੍ਹਾਂ ਦੇਸ਼ਾਂ ਵਿਚ ਜਿੱਥੇ ਆਪ ਭਜਨ ਬਾਣੀ ਕਰਦੇ ਹਨ ਉੱਥੇ ਹੋਰਨਾਂ ਨੂੰ ਵੀ ਭਜਨ ਬਾਣੀ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਹੁਣ ਭਾਵੇਂ ਦੇਸ ਹੋਵੇ ਭਾਵੇਂ ਪ੍ਰਦੇਸ ਹੋਵੇ ਹਰਥਾਂ ਦਰਸ਼ਨ ਅਭਿਲਾਸ਼ੀਆਂ ਦੀਆਂ ਬੇਥਾਹ ਭੀੜਾਂ ਬੜੇ ਪ੍ਰੇਮ ਅਤੇ ਬੜੀ ਸ਼ਰਧਾ ਨਾਲ ਉਨ੍ਹਾਂ ਰਾਹਾਂ ਵਲ ਵੇਖਦੀਆਂ ਹਨ ਜਿਧਰੋਂ ਸਤਿਗੁਰੂ ਜੀ ਦੇ ਆਉਣ ਦਾ ਕੋਈ ਪਤਾ ਮਿਲਦਾ ਹੈ।

NO. 76

DATE

## ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ

## ਤੂੰ ਸਾਹਿਬ ਗੁਣੀਨਿਧਾਨ ।

## ਤੁਮਰੀ ਮਹਿਮਾ ਬਰਨਿ ਨ ਸਾਕਉ

## ਤੂੰ ਠਾਕੁਰ ਊਚ ਭਗਵਾਨ ।

ਸ੍ਰੀ ਜਸਵਿੰਦਰ ਸਿੰਘ ਜੀ ਲਿਖਦੇ ਹਨ :-

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿੰਨੀਆਂ ਕੂ ਕਲਾਂ ਸੰਪੂਰਨ ਹਨ, ਕੋਈ ਗਿਣਤੀ ਨਹੀਂ ਹੈ। ਕਿਸੇ ਖੇਤਰ ਦੀ ਗੱਲ ਕਰ ਲਓ ਤੁਹਾਨੂੰ ਮਹਿਸੂਸ ਹੋਵੇਗਾ ਕਿ ਸਤਿਗੁਰੂ ਜੀ ਦੇ ਗਿਆਨ ਅੱਗੇ ਅਸੀਂ ਕਿੰਨੇ ਊਣੇ ਹਾਂ । ਸੰਗੀਤ ਬਾਰੇ ਗੱਲ ਕਰ ਲਓ, ਭਾਵੇਂ ਬਾਗਬਾਨੀ ਬਾਰੇ, ਭਾਵੇਂ ਉਸਾਰੀ ਦੇ ਗੂੜ੍ਹ ਨੁਕਤੇ ਪੁੱਛ ਲਵੋ ਜਾਂ ਗਿਆਨ ਵਿਗਿਆਨ ਬਾਰੇ, ਹਰ ਪਾਸੇ ਦੀ ਵਿਸਤ੍ਰਿਤ ਜਾਣਕਾਰੀ ਰੱਖਦੇ ਹਨ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਾਵੇਂ ਕੋਈ ਕਿਸ ਤਰ੍ਹਾਂ ਮੰਨਦਾ ਹੈ ਪਰ ਉਨ੍ਹਾਂ ਵਿਚ ਅਕਾਲ ਪੁਰਖ ਹੋਣ ਦੀਆਂ ਇਹ ਛੋਟੇ ਹੀ ਨਿਸ਼ਾਨੀਆ ਪ੍ਰਤੱਖ ਹਨ :-

## ਸੰਪੂਰਨ ਗਿਆਨ

## ਸੰਪੂਰਨ ਵੈਰਾਗ

## ਸੰਪੂਰਨ ਜੱਸ

## ਸੰਪੂਰਨ ਲੱਛਮੀ

## ਸੰਪੂਰਨ ਐਸ਼ਵਰਯ

## ਸੰਪੂਰਨ ਸੁੰਦਰਤਾ

ਗਲਤੀਆਂ ਦੀ ਖਿਮਾ
ਦਾ ਜਾਚਕ
ਸੰਤੋਖ ਸਿੰਘ ਨਾਮਧਾਰੀ



**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ**

**श्री सद्गुरू जगजीत सिंह जी महाराज**

***His Holiness Satguru Jagjit Singh Ji***

Sri Satguru Jagjit Singh Ji Elibrary NamdhariElibrary@gmail.com

NO. ____________

DATE ____________

ਮੇਰੀ ਇਨ੍ਹਾਂ ਪੂਤੀ ਇਹ ਹੀ

ਅਰਦਾਸ ਹੈ

ਜੁਗ ਜੁਗ ਜੀਵੇ

ਅਤੇ

ਸਾਨੂੰ ਅਪਣੇ ਬਣਾਈ ਰਖਣ

ਪ੍ਰੀਤ ਤੇ ਪਰਤੀਤ ਬਖਸ਼ੋ

ਗਲਤੀਆਂ ਦੀ ਖਿਮਾ ਦਾ

ਜਾਚਕ

ਸੰਤੋਖ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com